Vide R.N.I. No. Pun-Pun 2002/8323 ASR/0001/2024/26

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਅੰਕ: 155

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ



D.O.P. 15 Jan. 2023

## ਵਿਸ਼ੇਸ਼ ਅੰਕ



ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ

ਦੇ ਜਨਮ ਦਿਹਾੜੇ ਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਜੀ !

# ਗੁ: ਸ਼ਹੀਦ ਗੰਜ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਚੁਪਹਿਰੇ ਵਿੱਚ ਹਾਜ਼ਰੀਆਂ ਭਰਨ ਆਈਆਂ ਸੰਗਤਾਂ ਦੀ ਖੁਸ਼ੀ ਲੈਣ ਲਈ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਨਿਮਾਣਾ ਜਿਹਾ ਉਪਰਾਲਾ

ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁ: ਸ਼ਹੀਦ ਗੰਜ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਦਰ ਤੇ ਚੁਪਹਿਰੇ 'ਚ ਹਾਜ਼ਰੀਆਂ ਭਰਨ ਆਈਆਂ ਸੰਗਤਾਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ- ਜਿਸ ਵਿੱਚ ਜਲ ਦੀ ਛਬੀਲ, ਜੀਰੇ ਦੀਆਂ ਬੋਤਲਾਂ, ਬਰੈੱਡ ਸੈਂਡਵਿੱਚ ਅਤੇ ਕੜੀ ਚਾਵਲ ਦਾ ਲੰਗਰ ਲਗਾਇਆ ਜਾਂਦਾ ਹੈ। ਸੰਗਤਾਂ ਦੀ ਸਹੂਲਤ ਲਈ ਮੋਬਾਇਲ ਬਾਥਰੂਮਾਂ ਦਾ ਤੇ ਗੁ: ਸਾਹਿਬ ਦੇ ਨੇੜੇ ਹੀ ਕਾਰ ਪਾਰਕਿੰਗ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਬਸ ਮਨ ਦੀ ਇੱਕੋ ਹੀ ਰੀਝ ਹੈ ਬਾਬਾ ਜੀ ਦੇ ਦਰ ਤੇ ਆਈਆਂ ਸੰਗਤਾਂ ਦੀਆਂ ਅਸੀਸਾਂ ਤੇ ਖੁਸ਼ੀਆਂ ਬੀਬੀ ਕੌਲਾਂ ਜੀ ਦੀ ਫੁਲਵਾੜੀ ਦੀ ਝੋਲੀ ਪੈ ਜਾਣ।















1. ਚੁਪਹਿਰੇ ਦੌਰਾਨ ਗੁ: ਸ਼ਹੀਦ ਗੰਜ ਸਾਹਿਬ ਵਿਖੇ ਸਵਾਮੀ ਜੀ ਦਾ ਜੱਥੇ ਸਮੇਤ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਹਾਜ਼ਰੀ ਭਰਦੇ ਹੋਏ, 2-3. ਗੁ: ਸ਼ਹੀਦ ਗੰਜ ਸਾਹਿਬ ਵਿਖੇ ਚੁਪਹਿਰੇ ਦੌਰਾਨ ਸੰਗਤਾਂ ਦਾ ਠਾਠਾਂ ਮਾਰਦਾ ਹੋਇਆ ਵਿਸ਼ਾਲ ਇਕੱਠ, 4-7. ਚੁਪਹਿਰੇ ਦੌਰਾਨ ਗੁ: ਸ਼ਹੀਦ ਗੰਜ ਸਾਹਿਬ ਦੇ ਬਾਹਰ ਜਲ ਦੀ ਛਬੀਲ, ਜੀਰੇ ਵਾਲੀਆਂ ਬੋਤਲਾਂ, ਬਰੈੱਡ ਸੈਂਡਵਿੱਚ ਵੰਡਣ ਦੀ ਸੇਵਾ ਕਰਦੇ ਹੋਏ ਬੀਬੀ ਕੌਲਾਂ ਜੀ ਭਲਾਈ ਕੇਂਦਰ ਅਤੇ ਕੁਰਾਲੀ ਸ਼ਹਿਰ ਦੇ ਸਮੂੰਹ ਸੇਵਾਦਾਰ।

Asr. G.P.O.No. PB0001/ 2024-26

ੴ ਸਤਿਗੁਰ ਪ੍ਰਸਾਦਿ।।

ਅੰਕ-155ਵਾਂ (2024)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ 24 ਘੰਟਿਆਂ ਵਿੱਚ ਸੰਖੇਪ ਜਿਹੀ ਰੁਟੀਨ ਕੀ ਸੀ? 5
- ਜ਼ਿੰਦਗੀ ਦੀਆਂ ਬਰੀਕੀਆਂ 14
- ਇੱਕ ਪਰਵਾਸੀ ਮਜ਼ਦੂਰ ਦੀ ਬਾਬਾ ਜੀ ਦੇ ਦਰ ਪ੍ਰਤੀ ਸ਼ਰਧਾ ਭਾਵਨਾ 18
- ਵਡਿਆਈਆਂ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੀਆਂ 19
- ਦਰਗਾਹੀ ਕੁੰਜੀਆਂ ਦੇ ਮਾਲਕ 22
- ਸਰਬ ਧਰਮਾਂ ਦੇ ਸਾਂਝੇ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ 23
- ਕਿਹੜੀ ਕੌਮ ਸਭ ਤੋਂ ਬਹਾਦਰ ਹੈ? 24
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 25
- ਚੁਪਹਿਰਾ ਸਾਹਿਬ ਤੇ ਹਾਜ਼ਰੀਆਂ ਭਰਨ ਨਾਲ ਪੱਥਰੀ ਦੇ ਅਪਰੇਸ਼ਨ ਤੋਂ ਛੁਟਕਾਰਾ 26
- ਕੈਨੇਡਾ ਵਿਖੇ ਇੱਕ ਬੀਬੀ ਨਾਲ ਹੋਈ ਪ੍ਰਤੱਖ ਵਾਰਤਾ 27
- ਚੁਪਹਿਰਾ ਸਾਹਿਬ ਦੀ ਤਾਕਤ 29
- ਸੁਆਲਨਾਮਾ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ 31
- ਸੇਵਾ ਕਰਨੀ ਕਿਤਨੀ ਜਰੂਰੀ ਹੈ? 33
- ਜਿੰਦਗੀ ਕੀ ਬਾਰੀਕਿਯਾਁ 38
- Baba Deep Singh Ji- Custodian of the Heavenly Treasures of Kalgidhar 42
- Enter My Domain, If you are Ready to Sacrifice Your Life 48

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
-ਸੰਪਾਦਕ

# ਸੰਪਾਦਕੀ ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਜਦੋਂ ਸ੍ਰੀ ਅਨੰਦਪੁਰ ਸਾਹਿਬ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਸਤਿਕਾਰਯੋਗ ਮਾਤਾ-ਪਿਤਾ ਜੀ ਤਕਰੀਬਨ 17-18 ਸਾਲ ਦੀ ਭਰ ਜਵਾਨੀ ਵਿੱਚ ਬਾਬਾ ਜੀ ਨੂੰ ਅੰਮ੍ਰਿਤ ਛਕਣ ਤੋਂ ਬਾਅਦ ਆਪਣੇ ਪਿੰਡ ਪਹੂਵਿੰਡ ਸਾਹਿਬ ਵਾਪਸ ਲਿਜਾਉਣ ਲਈ ਮਨਾ ਰਹੇ ਸਨ ਤੇ ਇੰਨੇ ਨੂੰ ਗੁਰੂ ਕਲਗੀਧਰ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉੱਥੋਂ ਲੰਘ ਰਹੇ ਸਨ। ਘੋੜੇ ਤੇ ਸਵਾਰ ਸਤਿਗੁਰੂ ਜੀ ਨੇ ਬੜੇ ਪਿਆਰ ਨਾਲ ਪੁੱਛਿਆ, ਬਾਬਾ ਜੀ ਦੇ ਸਤਿਕਾਰਯੋਗ ਮਾਤਾ-ਪਿਤਾ ਜੀ ਨੂੰ ਕਿ ਦੀਪ ਸਿੰਘ ਨਾਲ ਕੀ ਵਾਰਤਾ ਚੱਲ ਰਹੀ ਹੈ। ਅੱਗੋਂ ਬਾਬਾ ਜੀ ਦੇ ਮਾਤਾ-ਪਿਤਾ ਜੀ ਕਹਿਣ ਲੱਗੇ ਕਿ ਦੀਪ ਸਿੰਘ ਨੂੰ ਵਾਪਸ ਪਿੰਡ ਲਿਜਾਉਣ ਲਈ ਕਹਿ ਰਹੇ ਹਾਂ ਤੇ ਇਹ ਕਹਿ ਰਿਹਾ ਹੈ ਕਿ ਮੈਂ ਹਾਲੇ ਵਾਪਸ ਨਹੀਂ ਜਾਣਾ ਕਿਉਂਕਿ ਮੇਰਾ ਇੱਥੇ ਮਨ ਲੱਗ ਗਿਆ ਹੈ ਤੇ ਉਸ ਸਮੇਂ ਬਾਜਾਂ ਵਾਲੇ ਪਿਤਾ ਸਰਬੰਸਦਾਨੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਾਵਨ ਮੁਖਾਰਬਿੰਦ ਵਿੱਚੋਂ ਬਚਨ ਨਿਕਲਿਆ, ਦੀਪ ਸਿੰਘ ਨੂੰ ਹਾਲੇ ਇੱਥੇ ਹੀ ਰਹਿਣ ਦਿਓ। ਇਸ ਦਾ ਨਾਮ ਦੀਪ ਸਿੰਘ ਹੈ ਤੇ ਇਸ ਨੇ ਲੱਖਾਂ ਬੁਝੇ ਹੋਏ ਦੀਪ ਜਗਾਉਣੇ ਹਨ।

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਾਵਨ ਮੁਖਾਰਬਿੰਦ ਵਿੱਚੋਂ ਨਿਕਲੇ ਇਹ ਪਾਵਨ ਬੋਲ ਕੇਵਲ ਉਸ ਸਮੇਂ ਹੀ ਨਹੀਂ, ਅੱਜ ਵੀ ਪ੍ਰਤੱਖ ਵਰਤਦੇ ਦਿਖਾਈ ਦਿੰਦੇ ਹਨ। ਬਾਬਾ ਜੀ ਦਾ ਅਮਲੀ ਜੀਵਨ ਦੇਖ ਕੇ ਹੀ ਕਈਆਂ ਦੇ ਜੀਵਨ ਬਣ ਗਏ ਹਨ ਤੇ ਅਗਾਂਹ ਵੀ ਬਣਦੇ ਰਹਿਣਗੇ। ਕਿਤੇ ਜਾ ਕੇ ਦੇਖੀਏ, ਚਾਟੀਵਿੰਡ ਚੌਂਕ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਜਿੱਥੇ ਬਾਬਾ ਜੀ ਸਮੇਤ ਅਨੇਕਾਂ ਗੁਰੂ ਕੇ ਪਿਆਰੇ ਸ਼ਹੀਦ ਸਿੰਘਾਂ ਦੀਆਂ ਪਾਵਨ ਦੇਹਾਂ ਦਾ ਸਸਕਾਰ ਹੋਇਆ, ਇਹ ਕਲਾ ਪ੍ਰਤੱਖ ਵਰਤਦੀ ਦਿਖਾਈ ਦਿੰਦੀ ਹੈ। ਕਈ-ਕਈ ਕਿਲੋਮੀਟਰ ਤੱਕ ਹਰ ਐਤਵਾਰ ਸੰਗਤਾਂ ਦਾ ਠਾਠਾਂ ਮਾਰਦਾ ਉਤਸ਼ਾਹ ਤੇ ਉਮਾਹ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਉਚਾਰਨ ਬਚਨਾਂ ਦੀ ਪ੍ਰਤੱਖ ਗਵਾਹੀ ਭਰਦਾ ਹੈ। ਸਿਰਫ ਪੰਜਾਬ ਤੋਂ ਨਹੀਂ ਬਲਕਿ ਵਿਦੇਸ਼ਾਂ ਤੋਂ ਵੀ ਸੰਗਤਾਂ ਹਰ ਐਤਵਾਰ ਆ ਕੇ ਚੁਪਹਿਰੇ ਵਿੱਚ ਹਾਜ਼ਰੀਆਂ ਭਰਦੀਆਂ ਹਨ ਤੇ ਉਨ੍ਹਾਂ ਦੀਆਂ ਪ੍ਰਤੱਖ ਝੋਲੀਆਂ ਭਰਦੀਆਂ ਹਨ। ਹੋਰ ਵੱਡੀ ਗੱਲ, ਲੱਖਾਂ ਸੰਗਤਾਂ ਹਰ ਐਤਵਾਰ ਨਤਮਸਤਕ ਹੋਣ ਆਉਂਦੀਆਂ ਹਨ ਤੇ ਇਨ੍ਹਾਂ ਲੱਖਾਂ ਸੰਗਤਾਂ ਵਿੱਚ ਸਾਰੇ ਕੇਵਲ ਸਿੱਖ ਹੀ ਨਹੀਂ ਬਲਕਿ ਹਰ ਜਾਤੀ, ਹਰ ਮਜ਼ਹਬ ਦੇ ਲੋਕ ਬਾਬਾ ਜੀ ਦੇ ਚਰਨਾਂ ਵਿੱਚ ਆਉਂਦੇ ਹਨ। ਕਿੰਨਾ ਪਿਆਰ ਹੈ ਉਨ੍ਹਾਂ ਦਾ ਬਾਬਾ ਜੀ ਨਾਲ। ਕਿਉਂ? ਕਿਉਂਕਿ ਧੰਨ ਧੰਨ ਬਾਬਾ ਦੀਪ ਸਿੰਘ ਜੀ ਸਭ ਦੇ ਸਾਂਝੇ ਹਨ। ਉਹ ਸਾਰਿਆਂ ਨਾਲ ਪਿਆਰ ਕਰਦੇ ਹਨ ਕਿਉਂਕਿ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਵੀ ਸੰਦੇਸ਼ ਇਹੀ ਹੈ :

***ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥*** ***(ਸ੍ਰੀ ਦਸਮ ਗ੍ਰੰਥ)***

ਸੰਗਤਾਂ ਦਾ ਇਹ ਉਤਸ਼ਾਹ ਦੇਖ ਕੇ, ਸੰਗਤਾਂ ਦਾ ਇਹ ਪ੍ਰੇਮ ਦੇਖ ਕੇ, ਸੰਗਤਾਂ ਦੀ ਇਹ ਸ਼ਰਧਾ ਦੇਖ ਕੇ ਉਨ੍ਹਾਂ ਦੇ ਚਰਨਾਂ ਵਿੱਚ ਵੀ ਸਿਰ ਝੁਕਦਾ ਹੈ। ਬਿਨਾਂ ਕਿਸੇ ਮੌਸਮ ਦੀ ਪਰਵਾਹ ਕੀਤਿਆਂ, ਭਾਵੇਂ ਸਰਦੀ ਹੋਵੇ, ਭਾਵੇਂ ਗਰਮੀ ਹੋਵੇ, ਪਿੱਛੇ ਜਿਹੇ ਜਦੋਂ ਬਰਸਾਤਾਂ ਦੀਆਂ ਝੜੀਆਂ ਵੀ ਲੱਗੀਆਂ ਰਹੀਆਂ, ਉਸ ਹਾਲਤ ਵਿੱਚ ਵੀ ਸੰਗਤਾਂ ਨੇ ਇਸ ਪਿਆਰ ਵਿੱਚ, ਇਸ ਉਤਸ਼ਾਹ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ। ਇੰਨਾ ਪ੍ਰੇਮ ਬਾਬਾ ਜੀ ਦੇ ਚਰਨਾਂ ਨਾਲ। ਸ਼੍ਰੋਮਣੀ ਕਮੇਟੀ ਸਮੇਤ ਉਹ ਸਾਰੀਆਂ ਸੰਸਥਾਵਾਂ ਵੀ ਧੰਨ ਹਨ ਜਿਹੜੀਆਂ ਦੂਰੋਂ ਨੇੜਿਓਂ ਆਈਆਂ ਸੰਗਤਾਂ ਦੀ ਸਹੂਲਤ ਵਾਸਤੇ ਲੋੜੀਂਦੇ ਇੰਤਜ਼ਾਮ ਕਰਦੀਆਂ ਹਨ। ਗੁਰੂ ਸਾਹਿਬ ਜੀ ਦੀ ਕਿਰਪਾ, ਆਪ ਸੰਗਤਾਂ ਦੇ ਸਹਿਯੋਗ ਤੇ ਅਸੀਸ ਨਾਲ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਸੁਯੋਗ ਅਗਵਾਈ ਵਿੱਚ ਵੀ ਹਰ ਐਤਵਾਰ ਸੰਗਤਾਂ ਦੀ ਸਹੂਲਤ ਵਾਸਤੇ ਨਿਮਾਣੇ ਜਿਹੇ ਯਤਨ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਸੰਗਤਾਂ ਲਈ ਫ੍ਰੀ ਮੋਟਰਸਾਈਕਲ, ਕਾਰ ਪਾਰਕਿੰਗ, ਚਾਹ-ਪਾਣੀ, ਕੜੀ ਚਾਵਲ ਦੇ ਲੰਗਰ ਦਾ ਇੰਤਜ਼ਾਮ, ਬੈਠਣ ਲਈ ਗੱਦੇ, ਮੋਬਾਈਲ ਬਾਥਰੂਮ ਆਦਿ। ਇਹ ਸਭ ਕੁਝ ਕਿਸ ਵਾਸਤੇ ਕੀਤਾ ਜਾਂਦਾ ਹੈ? ਸੰਗਤਾਂ ਦੀਆਂ ਅਸੀਸਾਂ ਪ੍ਰਾਪਤ ਹੋਣ, ਸੰਗਤ ਦੀ ਪ੍ਰਸੰਨਤਾ ਮਿਲ ਜਾਵੇ ਤੇ ਜਿਸ ਤੇ ਸੰਗਤ ਦੀ ਪ੍ਰਸੰਨਤਾ, ਉਸ ਤੇ ਧੰਨ ਬਾਬਾ ਦੀਪ ਸਿੰਘ ਜੀ ਦੀ ਪ੍ਰਸੰਨਤਾ ਤੇ ਜਿਸ ਉੱਤੇ ਬਾਬਾ ਜੀ ਪ੍ਰਸੰਨ ਹੋ ਗਏ, ਉਸ ਦੇ ਲੇਖੇ, ਉਸ ਦੇ ਵਰਕੇ ਫਿਰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਿਤਾਰਦੇ ਨਹੀਂ ਕਿਉਂਕਿ ਗੁਰੂ ਸਾਹਿਬ ਜੀ ਨੂੰ ਰਿਝਾ ਹੀ ਇੰਨਾ ਲਿਆ ਹੈ ਕਿ ਜਿੱਥੇ ਬਾਬਾ ਜੀ ਦੀ ਖੁਸ਼ੀ, ਉੱਥੇ ਗੁਰੂ ਸਾਹਿਬ ਜੀ ਦੀ ਖੁਸ਼ੀ। ਪ੍ਰਤੱਖ ਦਰਗਾਹ ਦੀਆਂ ਚਾਬੀਆਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਾਬਾ ਜੀ ਦੀ ਝੋਲੀ ਪਾਈਆਂ ਹੋਈਆਂ ਹਨ। ਜਿੰਨੀਆਂ ਮਰਜ਼ੀ ਦਾਤਾਂ ਵੰਡੀ ਜਾਓ, ਇਹ ਭੰਡਾਰੇ ਮੁੱਕਣੇ ਹੀ ਨਹੀਂ।

ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਪਾਵਨ ਜਨਮ ਦਿਹਾੜਾ ਜਨਵਰੀ ਦੇ ਮਹੀਨੇ ਵਿੱਚ ਆ ਰਿਹਾ ਹੈ ਤੇ ਇਹ ਦਿਹਾੜਾ ਮਨਾਉਂਦੇ ਹੋਏ ਨਿਤਾ ਪ੍ਰਤੀ ਅੰਮ੍ਰਿਤ ਵੇਲਾ ਸੰਭਾਲੀਏ, ਅੰਮ੍ਰਿਤਮਈ ਬਾਣੀ ਨਾਲ ਜੁੜੀਏ ਤੇ ਗੁਰੂ ਸਾਹਿਬ ਜੀ ਦੀ ਬਣਾਈ ਮਰਿਆਦਾ ਖੰਡੇ ਦੀ ਪਾਹੁਲ ਲਈਏ ਤੇ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਉਹ ਰਹਿਤ ਮਰਿਆਦਾ ਵਿੱਚ ਪਰਪੱਕ ਹੋਣ ਤਾਂ ਜੋ ਇਹ ਲੋਕ ਸੁਖੀ ਤੇ ਪਰਲੋਕ ਸੁਹੇਲਾ ਹੋ ਸਕੇ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ (VCD 517)

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

# ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ 24 ਘੰਟਿਆਂ ਵਿੱਚ ਸੰਖੇਪ ਜਿਹੀ ਰੁਟੀਨ ਕੀ ਸੀ?

*—ਸੰਪਾਦਕ*

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 154 ਅੰਕ ਤੋਂ—''ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰਿਆਂ ਵਿੱਚੋਂ- ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਤੇ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

ਇੱਕ ਪ੍ਰਕਰਨ ਦੀ ਬਾਬਾ ਜੀ ਸੇਵਾ ਲੈ ਰਹੇ ਹਨ। ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ। ਜਿਹੜੇ ਸ਼ਬਦ ਨੂੰ ਆਧਾਰ ਬਣਾਇਆ ਹੈ, ਪਹਿਲਾਂ ਉਸ ਦੀ ਹਾਜ਼ਰੀ ਲਗਾ ਲਓ, ਸਾਰੇ ਕਿਰਪਾ ਕਰੋ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***
***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***
***ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।***
***ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।***
***ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।***
***ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥***
***(ਵਾਰ ੧੯, ਪਉੜੀ ੧੨)***

ਜ਼ਿੰਦਗੀ ਵਿੱਚ ਬੜਾ ਹੀ ਅਨੰਦ ਬਣ ਜਾਵੇਗਾ ਜਦੋਂ ਤੁਹਾਡਾ ਸੁਭਾਅ ਇਹੋ ਜਿਹਾ ਬਣ ਗਿਆ ਹਰ ਪਲ, ਹਰ ਘੜੀ, ਹਰ ਵੇਲੇ ਇਹ ਸੋਚਿਆ ਕਰੋ, ਮੈਂ ਜਿਹੜਾ ਵੀ ਕੰਮ ਕਰਾਂ ਉਸ ਕੰਮ ਵਿੱਚ ਕਿਸੇ ਦਾ ਵੱਧ ਤੋਂ ਵੱਧ ਲਾਭ ਕਿਵੇਂ ਹੋ ਸਕਦਾ ਹੈ? ਭਾਵੇਂ ਮੇਰਾ ਲਾਭ ਘੱਟ ਹੋ ਜਾਵੇ, ਦੂਸਰੇ ਦਾ ਲਾਭ ਜ਼ਿਆਦਾ ਹੋਵੇ, ਆਪਣਾ ਆਪ ਗਵਾ ਦਿਓ। ਇਸ ਤਰ੍ਹਾਂ ਦੀ ਤੁਹਾਡੀ ਪੁਜ਼ੀਸਨ ਬਣ ਜਾਵੇਗੀ ਕਿ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਪ ਜੀ ਦੇ ਨਾਲ ਹਰ ਵੇਲੇ ਹੀ ਰਹਿਣਗੇ, ਆਪ ਜੀ ਦੇ ਅੰਗ-ਸੰਗ ਹੀ ਰਹਿਣਗੇ ਜਿਸ ਨੂੰ ਆਪਣਾ ਆਪ ਗਵਾਉਣਾ ਆ ਗਿਆ। ਕਈ ਵਾਰੀ ਜ਼ਿੰਦਗੀ ਵਿੱਚ ਇਹੋ ਜਿਹੇ ਸਮੇਂ ਤੁਹਾਡੇ ਅੱਗੇ ਆਉਂਦੇ ਹਨ, ਕੋਈ ਸਮਾਨ ਦੀ ਵੰਡ

ਹੋਣ ਲੱਗੀ ਹੈ, ਕੋਈ ਜਾਇਦਾਦ ਦੀ ਵੰਡ ਹੋਣ ਲੱਗੀ ਹੈ, ਜੇ ਭਰਾ ਵੱਲ, ਜੇ ਕਿਸੇ ਵੱਲ, ਕੁਝ ਵੱਧ ਜਾਂਦਾ ਹੈ ਜਾਣ ਦੇ, ਖੁਸ਼ ਹੋ, ਸ਼ੁਕਰ ਕਰ, ਆਪਣਾ ਆਪ ਗਵਾ ਦੇ, ਕਿਸੇ ਦਾ ਸੰਵਾਰ ਕੇ ਖੁਸ਼ ਹੋ, ਜਿਹੜੀਆਂ ਬਰਕਤਾਂ ਦਰਗਾਹ ਵਿੱਚੋਂ ਤੇਰੇ ਘਰ ਆਉਣਗੀਆਂ, ਉਸ ਦੀ ਕੋਈ ਗਿਣਤੀ ਨਹੀਂ ਕਰ ਸਕਦਾ। ਇਹ ਗੁਰਮੁਖਾਂ ਦੀ ਨਿਸ਼ਾਨੀ ਹੈ। ਇਹ ਗੱਲ ਕਹਿਣੀ ਨਹੀਂ ਚਾਹੀਦੀ ਪਰ ਬਹੁਤ ਕੀਰਤਨੀਏ ਵੀ ਬੈਠੇ ਹਨ। ਕਈ ਵਾਰ ਸਟੇਜਾਂ ਤੇ ਵੀ ਤੇਰੀ ਵਾਰੀ ਪੌਣਾ ਘੰਟਾ ਲੇਟ ਹੋ ਗਈ ਪਰ ਕੋਈ ਦੋ ਨਵੇਂ ਸਰੀਰ ਪੰਦਰਾਂ ਮਿੰਟ ਲਗਾ ਰਹੇ ਹਨ, ਕੋਈ ਬੱਚੇ ਦਸ ਮਿੰਟ ਲਗਾ ਗਏ ਹਨ, ਉਸ ਵੇਲੇ ਖੁਸ਼ ਹੋ। ਮੇਰਾ ਟਾਈਮ ਗਵਾਚ ਗਿਆ ਹੈ ਪਰ ਜਿਹੜੀ ਉਨ੍ਹਾਂ ਦੀ ਖੁਸ਼ੀ ਹੈ, ਉਸ ਦੀ ਗਿਣਤੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕੋਲ ਪਹੁੰਚ ਗਈ ਹੈ, ਉਹ ਗੁਰੂ ਕਲਗੀਧਰ ਪਿਤਾ ਜੀ ਕੋਲ ਪਹੁੰਚ ਗਈ ਹੈ। ਇਹ ਭਾਈ ਗੁਰਦਾਸ ਜੀ ਨੇ ਨਿਸ਼ਾਨੀ ਦੱਸੀ ਹੈ:

*ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।*

*(ਵਾਰ ੧੯, ਪਉੜੀ ੧੨)*

ਕਹਿਣਾ ਨਹੀਂ ਚਾਹੀਦਾ। ਨਾਨਕਸਰ ਬਾਬਾ ਨੰਦ ਸਿੰਘ ਜੀ ਦੀ ਬਰਸੀ ਤੇ ਗੁਰੂ ਸਾਹਿਬ ਲੈ ਗਏ। ਦਾਸ ਜੱਥੇ ਸਮੇਤ ਸਾਢੇ ਕੁ ਨੌਂ ਵਜੇ ਸਟੇਜ ਤੇ ਬੈਠ ਗਿਆ ਤੇ ਮਨ ਵਿੱਚ ਹੁੰਦਾ ਹੈ, ਘੰਟੇ ਕੁ ਵਿੱਚ ਵਾਰੀ ਆ ਜਾਵੇਗੀ। ਬਹੁਤ ਜੱਥੇ ਹੁੰਦੇ ਹਨ। ਸਾਢੇ ਦਸ ਵਜ ਗਏ, ਗਿਆਰ੍ਹਾਂ ਵਜ ਗਏ, ਸਾਢੇ ਗਿਆਰ੍ਹਾਂ ਵਜ ਗਏ, ਬਾਰ੍ਹਾਂ ਵਜ ਗਏ। ਸਾਢੇ ਬਾਰ੍ਹਾਂ ਵਜ ਗਏ, ਇੱਕ ਵਜ ਗਿਆ। ਸਾਢੇ ਨੌਂ ਦਾ ਦਾਸ ਬੈਠਾ ਤੇ ਇੱਕ ਵਜ ਗਿਆ। ਦਾਸ ਨੂੰ ਇੱਕ ਸਰੀਰ ਕਹਿਣ ਲੱਗਾ, ਤੁਹਾਡਾ ਨਾਂ ਨਹੀਂ ਬੋਲ ਰਹੇ, ਤੁਹਾਡੀ ਹਾਜ਼ਰੀ। ਦਾਸ ਨੇ ਕਿਹਾ ਕਿ ਜਦੋਂ ਅੰਮ੍ਰਿਤਸਰ ਤੋਂ ਨਾਨਕਸਰ ਚੱਲੇ ਸੀ ਤੇ ਗੱਡੀ ਨੂੰ ਗੇਅਰ ਪਾਇਆ ਸੀ, ਗੁਰੂ ਦੀ ਕਿਰਪਾ ਨਾਲ ਸਾਡੀ ਹਾਜ਼ਰੀ ਉਦੋਂ ਹੀ ਲੱਗ ਗਈ ਸੀ। ਜਿਹੜੀ ਦੂਜੀ ਹਾਜ਼ਰੀ ਹੈ ਕੀਰਤਨ ਵਾਲੀ ਹਾਜ਼ਰੀ ਉਹ ਦਾਸ ਨੇ ਕਿਹਾ ਕਿ ਖੁਸ਼ੀ ਹੈ, ਇਹੀ ਸਮੇਂ ਹੁੰਦੇ ਹਨ, ਹੋ ਸਕਦਾ ਹੈ, ਸਾਢੇ ਦਸ ਹਾਜ਼ਰੀ ਮਿਲ ਜਾਂਦੀ, ਅਸੀਂ ਕਹਿਣਾ ਸੀ, ਹੁਣ ਲਗਾ ਕੇ ਚਲੀਏ, ਆਰਾਮ ਕਰ ਲਈਏ, ਬਾਬਾ ਨੰਦ ਸਿੰਘ ਜੀ ਕਹਿੰਦੇ, ਤੈਨੂੰ ਜਾਚ ਸਿਖਾਉਣੀ ਹੈ, ਰਾਤਾਂ ਜਾਗੀਦੀਆਂ ਕਿਵੇਂ ਹਨ। ਇਹ ਸਮੇਂ ਹੁੰਦੇ ਹਨ। ਉਸ ਵੇਲੇ ਮਨ ਨੂੰ ਸ਼ਰਧਾ ਵਿੱਚ ਲੈ ਜਾਓ, ਮਨ ਨੂੰ ਕਲਪਨਾ ਵਿੱਚ ਨਹੀਂ ਲੈ ਕੇ ਜਾਣਾ ਕਿ ਅਜੇ ਤੱਕ ਮੇਰੀ ਵਾਰੀ ਨਹੀਂ ਆਈ। ਅਰਦਾਸ ਕਰਨਾ, ਗਰੀਬ ਨਿਵਾਜ ਕਹਿੰਦੇ, ਆਪਣਾ ਆਪ ਗੁਆਉਣਾ ਸਿੱਖ ਲੈ। ਕਿਸੇ ਨੂੰ ਖੁਸ਼ੀ ਦੇਣੀ ਸਿੱਖ ਲੈ।

*ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।*
*ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।*
*ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।*
*ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।*
*ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥*

*(ਵਾਰ ੧੯, ਪਉੜੀ ੧੨)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ।

**ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ :**

ਪਿਛਲੇ ਅੰਕ ਤੋਂ ਸਾਰੀ ਸੰਗਤ ਉਸ ਗੁਰਮੁਖ ਆਤਮਾ ਦੇ ਦਰਸ਼ਨ ਕਰ ਰਹੇ ਹੋ ਜਿਨ੍ਹਾਂ ਦੇ ਦਰ ਤੋਂ ਕਰੋੜਾਂ ਸੰਗਤਾਂ ਝੋਲੀਆਂ ਭਰਦੀਆਂ ਹਨ:

*ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ।*

ਪਿਛਲੀ ਵਾਰੀ ਆਪਾਂ ਛੱਡਿਆ ਸੀ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨਾਂਦੇੜ ਸਾਹਿਬ ਜਾਣ ਸਮੇਂ ਪੰਜ ਬਚਨ ਦਿੱਤੇ,

ਬਾਬਾ ਦੀਪ ਸਿੰਘ ਜੀ ਨੂੰ, ਪਹਿਲਾ ਬਚਨ- **ਧੁਰ ਕੀ ਬਾਣੀ ਦਾ ਪ੍ਰਚਾਰ ਕਰਦੇ ਰਹਿਣਾ।** ਦੂਜਾ ਬਚਨ- **ਅੰਮ੍ਰਿਤ ਛਕਾ ਕੇ ਸਿੰਘ ਸਜਾਉਂਦੇ ਰਹਿਣਾ।** ਤੀਜਾ ਬਚਨ- **ਗਊ ਗਰੀਬ ਦੀ ਰਾਖੀ ਕਰਨੀ।** ਚੌਥਾ ਬਚਨ- **ਪੰਥ ਵਿੱਚ ਦੁਬਿਧਾ ਪੈਦਾ ਹੋ ਜਾਵੇ, ਇਨ੍ਹਾਂ ਨੂੰ ਜਥੇਬੰਦ ਕਰਦੇ ਰਹਿਣਾ।** ਪੰਜਵਾਂ ਬਚਨ- **ਗੁਰਬਾਣੀ ਦੀ ਵਿਦਿਆ ਪੜ੍ਹਾਉਂਦੇ ਰਹਿਣਾ ਤੇ ਆਦਿ ਸਰੂਪ ਦੇ ਉਤਾਰੇ ਕਰਕੇ ਲੋੜਵੰਦ ਜਗ੍ਹਾ ਤੇ ਪਹੁੰਚਾਉਂਦੇ ਰਹਿਣਾ।** ਇਹ ਪੰਜ ਬਚਨ ਝੋਲੀ ਵਿੱਚ ਪਾਏ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਾਡੇ ਰੱਬ ਹਨ। ਨਾਂਦੇੜ ਸਾਹਿਬ ਜਾਣ ਸਮੇਂ ਬਾਬਾ ਦੀਪ ਸਿੰਘ ਜੀ ਨੂੰ ਡਿਊਟੀਆਂ ਦਿੱਤੀਆਂ, ਸਾਬੋ ਕੀ ਤਲਵੰਡੀ, ਪੰਜਵਾਂ ਤਖ਼ਤ ਸ੍ਰੀ ਦਮਦਮਾ ਸਾਹਿਬ। ਸੰਗਤ ਜੀ, ਆਪ ਜੀ ਬਾਬਾ ਦੀਪ ਸਿੰਘ ਜੀ ਦੇ ਜੀਵਨ ਦੇ ਦਰਸ਼ਨ ਕਰ ਰਹੇ ਹੋ, ਬਾਬਾ ਦੀਪ ਸਿੰਘ ਜੀ ਸੰਸਕ੍ਰਿਤ ਵੀ ਪੜ੍ਹੇ। ਫਾਰਸੀ ਵੀ ਪੜ੍ਹੇ। ਪੰਜਾਬੀ ਵੀ ਪੜ੍ਹੇ। ਅਰਬੀ ਭਾਸ਼ਾ ਵੀ ਪੜ੍ਹੇ। ਬਾਬਾ ਦੀਪ ਸਿੰਘ ਜੀ ਨੇ ਸਾਬੋ ਕੀ ਤਲਵੰਡੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ੧ੴ ਤੋਂ ਲੈ ਕੇ ਅਠਾਰਹ ਦਸ ਬੀਸੁ ਤੱਕ। ਇੱਕ ਸਰੂਪ ਅਰਬੀ ਬੋਲੀ ਵਿੱਚ ਉਤਾਰਾ ਕੀਤਾ ਹੈ ਕਿ ਅਰਬ ਦੇਸ਼ਾਂ ਵਿੱਚ ਵੀ ਗੁਰਸਿੱਖ ਜੁੜ ਸਕਣ। ਇਤਿਹਾਸਕਾਰਾਂ ਦਾ ਕਥਨ ਹੈ, ਬਰਕਲੇ ਯੂਨੀਵਰਸਿਟੀ, ਅਰਬ ਦੇਸ਼ ਦੀ, ਉੱਥੇ ਇਹ ਸਰੂਪ ਮੌਜੂਦ ਹੈ। ਚਾਰ ਸਰੂਪ ਬਾਬਾ ਦੀਪ ਸਿੰਘ ਜੀ ਨੇ ਗੁਰਮੁਖੀ ਵਿੱਚ ਉਤਾਰੇ ਕੀਤੇ। ਦਾਸ ਲਈ ਬੋਲਣਾ ਸੌਖਾ ਹੈ, ਤੁਹਾਡੇ ਲਈ ਸੁਣਨਾ ਸੌਖਾ ਹੈ ਪਰ ਜਿਸ ਸੁੱਚਮਤਾ ਨਾਲ, ਜਿਸ ਸਾਵਧਾਨਤਾ ਨਾਲ ਬਾਬਾ ਦੀਪ ਸਿੰਘ ਜੀ ਨੇ ਇਹ ਸੇਵਾ ਨਿਭਾਈ, ਉਹ ਕਹਿਣ ਕਥਨ ਤੋਂ ਬਾਹਰ ਹੈ।

ਚਾਰ ਸਰੂਪ ਗੁਰਮੁੱਖੀ ਭਾਸ਼ਾ ਵਿੱਚ ਲਿਖ ਕੇ ਪਹਿਲਾ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ, ਦੂਜਾ ਸਰੂਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤੀਜਾ ਸਰੂਪ ਤਖ਼ਤ ਸ੍ਰੀ ਪਟਨਾ ਸਾਹਿਬ ਤੇ ਚੌਥਾ ਸਰੂਪ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਭੇਜਿਆ। ਵੇਖੋ, ਕਈ ਕਿਤਾਬਾਂ ਦਾ ਇਸ਼ਾਰਾ ਲੈਣਾ ਪੈਂਦਾ ਹੈ। ਭਾਈ ਪਿੰਦਰਪਾਲ ਸਿੰਘ ਜੀ ਦੀ ਇੱਕ ਕਿਤਾਬ ਹੈ ਜਿਸ ਵਿੱਚ ਉਨ੍ਹਾਂ ਦੀ ਬੋਲੀ ਹੋਈ ਲਿਖਤ ਮਿਲਦੀ ਹੈ ਕਿ ਤਕਰੀਬਨ ਸਾਬੋ ਕੀ ਤਲਵੰਡੀ ਧੰਨ ਬਾਬਾ ਦੀਪ ਸਿੰਘ ਜੀ ਨੇ 11 ਸਾਲ ਬਾਣੀ ਲਿਖੀ ਹੈ।

ਦਾਸ ਤਾਂ ਕਈ ਵਾਰ ਕਹਿੰਦਾ ਹੈ, ਬਾਬਾ ਜੀ, ਸਾਨੂੰ ਸਮਝ ਨਹੀਂ ਹੈ ਪਰ ਭੋਲੇ ਭਾਅ ਤੁਸੀਂ ਆਪਣੀ ਸੰਗਤ ਕੋਲੋਂ ਇਹੋ ਜਿਹੇ ਕੰਮ ਕਰਵਾ ਲੈਂਦੇ ਹੋ ਜਿਨ੍ਹਾਂ ਕੰਮਾਂ ਦੀਆਂ ਲੀਹਾਂ ਤੁਸੀਂ ਆਪ ਪਾਈਆਂ ਹਨ। ਪਿਛਲੇ ਸਮੇਂ ਵਿੱਚ ਜਦੋਂ ਲੱਖਾਂ ਬੱਚਿਆਂ ਨੇ ਕਾਪੀਆਂ ਉੱਤੇ ਵਾਹਿਗੁਰੂ-ਵਾਹਿਗੁਰੂ ਦਾ ਜਾਪ ਇੱਕ ਵਾਰ ਲਿਖਿਆ ਤੇ ਚਾਰ ਵਾਰੀ ਜਪਿਆ, ਗਰਮੀਆਂ ਦੀਆਂ ਛੁੱਟੀਆਂ ਇੰਝ ਮਨਾਈਆਂ, ਜਿਵੇਂ ਉਮਰ ਮੁਤਾਬਿਕ ਬੇਨਤੀ ਕੀਤੀ ਸੀ। ਇੰਨੀ ਤੋਂ ਇੰਨੀ ਉਮਰ ਵਾਲਾ ਸਰੀਰ ਪੰਜਾਹ ਹਜ਼ਾਰ ਵਾਰੀ ਵਾਹਿਗੁਰੂ ਜਾਪ ਲਿਖੇ। ਇੰਨੀ ਉਮਰ ਵਾਲਾ ਇੱਕੀ ਹਜ਼ਾਰ ਵਾਰੀ ਵਾਹਿਗੁਰੂ ਜਾਪ ਲਿਖੇ। ਇੰਨੀ ਉਮਰ ਵਾਲਾ ਗਿਆਰ੍ਹਾਂ ਹਜ਼ਾਰ ਵਾਰੀ ਵਾਹਿਗੁਰੂ ਜਾਪ ਲਿਖੇ। ਸਭ ਨੂੰ ਸਤਿਕਾਰ ਮਿਲੇਗਾ, ਇਨਾਮ ਮਿਲੇਗਾ, ਪਿਆਰ ਮਿਲੇਗਾ। ਮਨਸ਼ਾ ਇਹੀ ਸੀ ਕਿ ਜਦੋਂ ਵਾਹਿਗੁਰੂ ਵਾਹਿਗੁਰੂ ਦਾ ਜਾਪ ਬੱਚੇ ਕਾਪੀਆਂ ਤੇ ਲਿਖਣਗੇ, ਭਾਵੇਂ ਚਾਂਦੀ ਦੇ ਮੈਡਲ ਦਾ ਹੀ ਮਨ ਵਿੱਚ ਹੋਵੇਗਾ ਕਿ ਇੰਨੀ ਵਾਰੀ ਵਾਹਿਗੁਰੂ ਦਾ ਜਾਪ ਲਿਖਿਆ ਹੈ, ਪਰ ਜਦੋਂ ਬੱਚੇ ਲਿਖਣਗੇ, ਉਨ੍ਹਾਂ ਦੇ ਹੱਥ ਵੀ ਧੰਨ ਹੋ ਜਾਣਗੇ। ਜਦੋਂ ਬੱਚੇ ਵਾਹਿਗੁਰੂ-ਵਾਹਿਗੁਰੂ ਦਾ ਜਾਪ ਲਿਖਣਗੇ ਤੇ ਨੇਤਰਾਂ ਰਾਹੀਂ ਵੇਖਣਗੇ, ਦਰਸ਼ਨ ਕਰਨਗੇ, ਵਾਹਿਗੁਰੂ ਜਾਪ ਲਿਖੇ ਅੱਖਰਾਂ ਦੇ ਦਰਸ਼ਨ ਕਰਕੇ ਨੇਤਰ ਵੀ ਧੰਨ ਹੋ ਜਾਣਗੇ

ਤੇ ਜਦੋਂ ਬੱਚੇ ਚਾਰ ਵਾਰੀ ਵਾਹਿਗੁਰੂ ਸ਼ਬਦ ਪੜ੍ਹਨਗੇ, ਉਨ੍ਹਾਂ ਦੀ ਰਸਨਾ ਵੀ ਧੰਨ ਹੋ ਜਾਵੇਗੀ। ਦਾਸ ਨੂੰ ਉਦੋਂ ਫੋਨ ਵੀ ਬੜੇ ਆਏ ਸਨ। ਜੇ 95% ਬੰਦਿਆਂ ਨੇ ਸਿਫਤ ਕੀਤੀ, 5% ਬੰਦਿਆਂ ਨੇ ਕਿੰਤੂ ਵੀ ਕੀਤੀ। ਤੁਸੀਂ ਵਾਹਿਗੁਰੂ-ਵਾਹਿਗੁਰੂ ਜਾਪ ਕਾਪੀਆਂ ਤੇ ਲਿਖਾਈ ਜਾ ਰਹੇ ਹੋ। ਘਰਾਂ ਵਿੱਚ ਕਿੰਨੀਆਂ ਕਾਪੀਆਂ ਇਕੱਠੀਆਂ ਹੋਣਗੀਆਂ। ਕੀ ਹੋ ਗਿਆ, ਜੇ ਹੋ ਗਈਆਂ? ਸਾਰੇ ਤਰ੍ਹਾਂ ਦੇ ਬੰਦੇ ਹੁੰਦੇ ਹਨ। ਦਾਸ ਨੇ ਜਦੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕੀਤੀ, ਮਹਾਰਾਜ ਜੀ, 100 ਵਿੱਚੋਂ ਇੱਕ ਦੋ ਫੋਨ ਇਹੋ ਜਿਹੇ ਵੀ ਆ ਜਾਂਦੇ ਹਨ, ਗਲਤੀਆਂ ਲੱਭਣ ਵਾਲਿਆਂ ਦੇ, ਕਾਪੀਆਂ ਤੇ ਵਾਹਿਗੁਰੂ ਵਾਹਿਗੁਰੂ ਕਿਉਂ ਲਿਖਾ ਰਹੇ ਹੋ। ਦਾਸ ਨੇ ਕਿਹਾ ਕਿ ਮਹਾਰਾਜ ਜੀ, ਕੋਈ ਜਵਾਬ ਦੇਣ ਲਈ ਕਿਰਪਾ ਕਰ ਦਿਓ। ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਇੱਕ ਇਤਿਹਾਸ ਅੱਗੇ ਆ ਗਿਆ। ਸਾਬੋ ਕੀ ਤਲਵੰਡੀ ਗਿਆਰ੍ਹਾਂ ਸਾਲ ਦੇ ਕਰੀਬ ਸਾਡੇ ਬਾਬਾ ਦੀਪ ਸਿੰਘ ਜੀ ਜਿਨ੍ਹਾਂ ਤੋਂ ਅਸੀਂ ਗਾਈਡ ਲਾਈਨ ਲੈਂਦੇ ਹਾਂ, ਉਨ੍ਹਾਂ ਨੇ ਆਪ ਲਿਖਣ ਭਗਤੀ ਕੀਤੀ ਹੈ।

ਦੂਜਾ ਸਤਿਗੁਰੂ ਜੀ ਦੀਆਂ ਪੰਕਤੀਆਂ ਸਹਿਜ ਪਾਠ ਵਿੱਚ ਆ ਗਈਆਂ ਹਨ। ਜਿਹੜੇ ਇੱਕ ਦੋ ਫੋਨ ਇਹੋ ਜਿਹੇ ਆ ਜਾਂਦੇ ਹਨ, ਉਨ੍ਹਾਂ ਨੂੰ ਬਾਣੀ ਦੀ ਇਹ ਪੰਕਤੀਆਂ ਸੁਣਾ ਦਿਓ। ਤੁਸੀਂ ਵੀ ਪਿਆਰ ਨਾਲ ਸੁਣਨਾ ਜੀ ਕਿਉਂਕਿ ਇਹ ਕੰਮ ਚਲਦੇ ਰਹਿਣੇ ਹਨ। ਨਿੱਕੇ ਲੈਵਲ ਤੇ ਤਾਂ ਤੁਰੀ ਜਾਂਦੇ ਹਨ, ਸ਼ਹਿਰਾਂ ਦੇ ਲੈਵਲ ਤੇ। ਉਦੋਂ ਸਾਰੇ ਹਿੰਦੁਸਤਾਨ ਦੇ ਲੈਵਲ ਤੇ ਪ੍ਰੋਗਰਾਮ ਹੋਇਆ ਸੀ। ਤੁਹਾਨੂੰ ਵਾਹਿਗੁਰੂ ਨੇ ਜਿੰਨੀ ਤਾਕਤ ਦਿੱਤੀ, ਗਰਮੀਆਂ ਦੀਆਂ ਛੁੱਟੀਆਂ ਆਉਣ ਤੇ ਆਪਣੇ ਸਕੂਲ ਵਿੱਚ ਹੀ ਇਹ ਪ੍ਰਵਾਹ ਚਲਾ ਦਿਓ। ਸ਼ਹਿਰ ਦੇ ਲੈਵਲ ਤੇ ਹੀ ਚਲਾ ਦਿਓ। ਪਿੰਡ ਦੇ ਲੈਵਲ ਤੇ ਹੀ ਚਲਾ ਦਿਓ। ਇੰਨੀ ਵਾਰੀ ਵਾਹਿਗੁਰੂ ਜਾਪ ਬੱਚੇ ਲਿਖਣ। ਕੋਈ ਕਿੰਤੂ ਪ੍ਰੰਤੂ ਕਰ ਦੇਵੇ। ਬਾਬਾ ਦੀਪ ਸਿੰਘ ਜੀ ਦੀ ਗਾਈਡ ਲਾਈਨ ਸੁਣਾ ਦੇਣਾ ਤੇ ਨਾਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਦੀ ਗਾਈਡਲਾਈਨ ਸੁਣਾ ਦੇਣਾ।

***ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ***
***ਹਰਿ ਭਉਜਲੁ ਪਾਰਿ ਉਤਾਰੀ ॥***

*(ਅੰਗ ੬੬੯)*

ਗੁਰਬਾਣੀ ਕਹਿ ਰਹੀ ਹੈ, ਹਰੀ ਨੂੰ ਪੜ੍ਹ ਵੀ, ਚਿੱਤ ਆਵੇ ਤੇ ਹਰੀ ਨੂੰ ਲਿਖ ਵੀ, ਹਰੀ ਨੂੰ ਗਾ ਵੀ, ਹਰੀ ਨੂੰ ਜਪ ਵੀ। ਇਹ ਸਭ ਕੁਝ ਕਰਕੇ ਕੀ ਮਿਲੇਗਾ? ਇਸ ਸੰਸਾਰ ਤੋਂ ਪਾਰ ਉਤਾਰਾ ਹੋ ਜਾਵੇਗਾ।

***ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ***
***ਇਵ ਭਣੁ ਹਰਿ ਨਾਮੁ ਮੁਰਾਰੀ ॥੧॥***

*(ਅੰਗ ੬੬੯)*

ਆਪਣੇ ਪਿੰਡਾਂ ਵਿੱਚ ਜਦੋਂ ਇਹ ਲਹਿਰ ਚਲਾਓਗੇ, ਆਪਣੇ ਨਗਰਾਂ ਵਿੱਚ, ਛੋਟੇ ਲੈਵਲ ਤੇ, ਗੁਰਬਾਣੀ ਦੀ ਕੋਈ ਦਲੀਲ ਦੇ ਦੇਣਾ, ਕੋਈ ਕਿੰਤੂ ਕਰੇ, ਕਹਿ ਦੇਣਾ, ਬਾਣੀ ਵਿੱਚ ਲਿਖਿਆ ਹੈ, ਉਹ ਕਲਮ ਵੀ ਧੰਨ ਹੈ।

***ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥***
***ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥੧॥***

*(ਅੰਗ ੬੬੯)*

ਉਹ ਕਾਗਜ਼ ਵੀ ਧੰਨ ਹੈ, ਕਲਮ ਵੀ ਧੰਨ ਹੈ, ਮਸ ਸਿਆਹੀ ਵੀ ਧੰਨ ਹੈ। ਉਹ ਬੱਚੇ ਵੀ ਧੰਨ ਹੋ ਗਏ ਜਿਹੜੇ ਇਧਰ ਲੱਗ ਗਏ।

***ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋਪਾਲ ॥੧॥***

*(ਅੰਗ ੧੧੯੪)*

ਅਸਲੀ ਅਨੰਦ ਇਸ ਵਿੱਚ ਹੈ, ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰਿਆਂ ਦੇ ਜੀਵਨ ਦਾ ਪ੍ਰਕਰਨ ਚੱਲ ਰਿਹਾ ਹੈ, ਇਸ ਵਿੱਚੋਂ ਇਹੋ ਜਿਹੀਆਂ ਬੈਟਰੀਆਂ ਚਾਰਜ ਕਰੀਏ ਕਿ ਇੱਕ-ਇੱਕ ਬੀਬੀ, ਇੱਕ-ਇੱਕ ਵੀਰ ਤੁਹਾਡੇ ਵਿੱਚੋਂ ਹਜ਼ਾਰਾਂ ਨੂੰ ਜੋੜਨ ਵਾਲੇ ਬਣ ਜਾਣ। ਅੱਜ ਸਮੇਂ ਦੀ ਲੋੜ ਹੈ। ਆਪਣੇ ਦਸਵੰਧ ਵਿੱਚੋਂ ਕੁਝ ਇਨਾਮ ਬੱਚਿਆਂ ਨੂੰ ਦੇ ਦਿਓ, ਪਿਆਰ ਦੇ ਦਿਓ। ਜੇਕਰ ਸਕੂਲ ਵਿੱਚ ਦਸ ਦਿਨ ਦੀਆਂ ਛੁੱਟੀਆਂ ਹਨ। ਇਹ ਉਪਰਾਲਾ ਕਰੋ। ਗਰਮੀਆਂ ਦੀਆਂ ਛੁੱਟੀਆਂ ਆ ਗਈਆਂ ਹਨ, ਇਹ ਉਪਰਾਲਾ ਕਰੋ।

ਦੁਨਿਆਵੀ ਪੜ੍ਹਾਈਆਂ ਰੱਜ-ਰੱਜ ਕਰਵਾਓ ਪਰ ਨਾਲ ਨਾਲ ਬੱਚਿਆਂ ਨੂੰ ਗੁਰੂ ਚਰਨਾਂ ਨਾਲ, ਵਾਹਿਗੁਰੂ ਸਿਮਰਨ ਨਾਲ ਵੀ ਜ਼ਰੂਰ ਜੋੜੋ। ਭਾਈ ਗੁਰਸ਼ਰਨ ਸਿੰਘ ਜੀ ਲੁਧਿਆਣੇ ਵਾਲੇ ਉਨ੍ਹਾਂ ਨੇ ਇੱਕ ਵਾਰ ਕੀਰਤਨ ਵਿੱਚ ਜ਼ਿਕਰ ਸੁਣਾਇਆ ਕਹਿੰਦੇ, ਇੱਕ 28 ਸਾਲ ਦਾ ਬੱਚਾ ਤੇ ਉਸ ਨੂੰ ਕੈਂਸਰ ਹੋ ਗਈ, ਉਹ ਬੱਚਾ ਹਸਪਤਾਲ ਵਿੱਚ ਆਖਰੀ ਸਾਹ ਲੈ ਰਿਹਾ ਸੀ ਤੇ ਉਸ ਨੇ ਆਪਣੇ ਪਿਤਾ ਨੂੰ ਕਿਹਾ, ਪਿਤਾ ਜੀ! ਮੇਰੀਆਂ ਸਾਰੀਆਂ ਪੜ੍ਹਾਈ ਦੀਆਂ ਡਿਗਰੀਆਂ, ਮੇਰੇ ਸਾਰੇ ਸਰਟੀਫਿਕੇਟ ਫਾਈਲ ਮੇਰੇ ਕੋਲ ਲੈ ਕੇ ਆਓ। ਪਿਤਾ ਆਇਆ ਤੇ ਉਸ ਨੇ ਹੱਥ ਵਿੱਚ ਸਾਰੀਆਂ ਡਿਗਰੀਆਂ, ਸਾਰੇ ਸਰਟੀਫਿਕੇਟ ਫੜ੍ਹ ਲਏ। ਅਮਰੀਕਾ ਜਾ ਕੇ ਵੀ ਉਸ ਨੇ ਕੋਰਸ ਕੀਤੇ ਸਨ। ਉਹ ਬੱਚਾ ਆਪਣੇ ਪਿਤਾ ਨੂੰ ਕਹਿਣ ਲੱਗਾ, ਪਿਤਾ ਜੀ! ਡਾਕਟਰਾਂ ਦੇ ਦੱਸਣ ਮੁਤਾਬਿਕ ਮੇਰਾ ਕੱਲ੍ਹ ਆਖਰੀ ਦਿਨ ਹੈ। ਮੈਨੂੰ ਇੰਨਾ ਦੱਸ ਦਿਓ, ਜਿੰਨੀਆਂ ਵੀ ਇਹ ਡਿਗਰੀਆਂ ਮੈਂ ਪ੍ਰਾਪਤ ਕੀਤੀਆਂ ਹਨ, ਪੜ੍ਹਾਈ ਕੀਤੀ ਹੈ, ਕੋਈ ਡਿਗਰੀ ਮੈਨੂੰ ਕੱਲ੍ਹ ਦਰਗਾਹ ਵਿੱਚ ਕੰਮ ਆਵੇਗੀ। ਪਿਤਾ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ। ਪਿਓ ਫੁੱਟ-ਫੁੱਟ ਕੇ ਰੋਣ ਲੱਗ ਪਿਆ ਤੇ ਕਹਿਣ ਲੱਗਾ, ਨਹੀਂ ਪੁੱਤਰ, ਇਹ ਦੁਨਿਆਵੀ ਡਿਗਰੀਆਂ ਇਸ ਦੁਨੀਆਂ ਵਿੱਚ ਨੌਕਰੀ ਦਿਵਾ ਸਕਦੀਆਂ ਹਨ। ਦਰਗਾਹ ਵਿੱਚ ਇਨ੍ਹਾਂ ਡਿਗਰੀਆਂ ਵਿੱਚੋਂ ਕੋਈ ਡਿਗਰੀ ਕੰਮ ਨਹੀਂ ਆਉਂਦੀ ਤੇ ਉਸ ਬੱਚੇ ਨੇ ਕਿਹਾ ਸੀ, ਪਿਤਾ ਜੀ, ਤੁਸੀਂ ਫਿਰ ਮੇਰੇ ਨਾਲ ਧੋਖਾ ਕਿਉਂ ਕੀਤਾ? ਮੈਨੂੰ ਇਹੋ ਜਿਹੇ ਸਕੂਲ ਵਿੱਚ ਕਿਉਂ ਨਹੀਂ ਪਾਇਆ ਜਿੱਥੇ ਇਹ ਡਿਗਰੀਆਂ ਵੀ ਮਿਲਦੀਆਂ ਹਨ ਤੇ ਜਪੁ ਜੀ ਸਾਹਿਬ ਜ਼ੁਬਾਨੀ ਯਾਦ ਕਰਨ ਦੀ ਸਿੱਖਿਆ ਵੀ ਮਿਲਦੀ ਹੈ। ਮੈਨੂੰ ਇਹੋ ਜਿਹੇ ਸਕੂਲ ਵਿੱਚ ਕਿਉਂ ਨਹੀਂ ਪਾਇਆ ਜਿੱਥੇ ਦੁਨਿਆਵੀ ਪੜ੍ਹਾਈ ਵੀ ਪੜ੍ਹਦਾ ਤੇ ਨਾਲ ਜਿੱਥੇ ਕਲਾਸਾਂ ਦੇ ਮੁਤਾਬਿਕ ਇਹ ਸਿਲੇਬਸ ਵੀ ਹੈ ਕਿ ਉਮਰ ਵੱਡੀ ਹੁਣ ਸਵੱਯੈ ਕੰਠ ਕਰਨੇ ਹਨ, ਉਮਰ ਵੱਡੀ ਹੁਣ ਚੌਪਈ ਸਾਹਿਬ ਕੰਠ ਕਰਨੀ ਹੈ, ਹੁਣ ਸ੍ਰੀ ਅਨੰਦੁ ਸਾਹਿਬ, ਸ੍ਰੀ ਜਾਪੁ ਸਾਹਿਬ ਕੰਠ ਕਰਨੇ ਹਨ। ਇਹੋ ਜਿਹੇ ਸਕੂਲ ਵਿੱਚ ਮੈਨੂੰ ਕਿਉਂ ਨਹੀਂ ਪਾਇਆ ਜਿੱਥੇ ਦਸਤਾਰ ਦੀ ਡਿਗਰੀ, ਪੰਜ ਬਾਣੀਆਂ ਦੀ ਡਿਗਰੀ, ਰੋਟੀ ਖਾਣ ਤੋਂ ਪਹਿਲਾਂ ਅਰਦਾਸ ਕਰਨ ਦੀ ਵੀ ਡਿਗਰੀਆਂ ਮਿਲਦੀਆਂ। ਜਿਹੜੀਆਂ ਡਿਗਰੀਆਂ ਦਰਗਾਹ ਵਿੱਚ ਕੰਮ ਆਉਂਦੀਆਂ। ਦੁਨਿਆਵੀ ਵਿਦਿਆ ਤਾਂ ਪੜ੍ਹਾਉਣੀ ਹੀ ਹੈ ਪਰ ਨਾਲ ਨਾਲ ਇਹ ਦਰਗਾਹੀ ਵਿਦਿਆ ਦੀ ਸਿਖਲਾਈ ਵੀ ਦੇਣੀ। ਇਹੋ ਜਿਹੇ ਰੋਲ ਵੀ ਅਦਾ ਕਰੋ, ਇਹੋ ਜਿਹੀਆਂ ਸਕੀਮਾਂ ਬਣਾਓ ਕਿ ਬੱਚੇ ਵੱਧ ਤੋਂ ਵੱਧ ਗੁਰਬਾਣੀ ਨਾਲ ਵੀ ਜੁੜ ਸਕਣ ਫਿਰ ਵੇਖੋ ਬਾਬਾ ਦੀਪ ਸਿੰਘ ਜੀ ਦੋਵੇਂ ਮੁੱਠਾਂ ਤੁਹਾਡੀ ਝੋਲੀ ਵਿੱਚ ਖੋਲ੍ਹ ਦੇਣਗੇ। ਸਾਧ ਸੰਗਤ ਜੀ, ਜਿਹੜਾ ਇਹੋ ਜਿਹੀਆਂ ਸਕੀਮਾਂ ਬਣਾਉਂਦਾ ਹੈ ਕਿ ਕਿਵੇਂ ਵਟਸਐਪ ਤੋਂ ਹੱਟ ਕੇ, ਚੰਗੀਆਂ ਵੀ ਚੀਜ਼ਾਂ ਇਸ ਵਿੱਚ ਆਉਂਦੀਆਂ ਹਨ

ਪਰ ਬਹੁਤਾ ਕੰਮ ਦੂਜਾ ਹੈ। ਇਨ੍ਹਾਂ ਤੋਂ ਹੱਟ ਕੇ ਆਉਣ ਵਾਲੀ ਪਨੀਰੀ ਦਾ ਸਮਾਂ ਗੁਰਬਾਣੀ ਵਿੱਚ ਲੱਗ ਜਾਵੇ।

ਭਾਈ ਪਿੰਦਰਪਾਲ ਸਿੰਘ ਜੀ ਨੇ ਸਮਾਂ ਲਿਖਿਆ ਹੈ, ਬਾਬਾ ਦੀਪ ਸਿੰਘ ਜੀ ਦਾ ਬਾਨੀ ਲਿਖਣ ਵਿੱਚ ਗਿਆਰ੍ਹਾਂ ਸਾਲ ਦੇ ਕਰੀਬ ਸਮਾਂ ਲੰਘਿਆ। ਕਿਸੇ ਢੰਗ ਨਾਲ ਬੱਚਿਆਂ ਨੂੰ ਗੁਰਬਾਣੀ ਨਾਲ ਜੋੜੋ। ਗੱਲ ਜੁੜਨ ਦੀ ਹੈ। ਨੇਤਰ ਵੀ ਦਰਸ਼ਨ ਕਰਨ, ਹੱਥ ਵੀ ਧੰਨ ਹੋਣ, ਕੰਨ ਵੀ ਧੰਨ ਹੋਣ, ਰਸਨਾ ਵੀ ਧੰਨ ਹੋਵੇ। ਦਾਸ ਦਾ ਦਿਲ ਕਰਦਾ ਹੈ, ਜਿਹੜਾ ਇਤਿਹਾਸਕਾਰਾਂ ਨੇ ਅੱਗੇ ਲਫਜ਼ ਲਿਖੇ ਹਨ, ਉੱਪਰ ਹੈਡਿੰਗ ਹੈ, ਬਾਬਾ ਜੀ ਦਾ ਨਿਤ ਦਾ ਕਰਮ ਕੀ ਸੀ? ਇਹ ਚੀਜ਼ਾਂ ਸ਼ੌਕ ਨਾਲ ਸੁਣਿਆ ਕਰੋ, ਪੜ੍ਹਿਆ ਕਰੋ। ਇਸ ਨਾਲ ਆਪਣਾ ਆਪ ਪਤਾ ਲੱਗਦਾ ਹੈ। ਸਾਡੀ ਨਿੱਤ ਦੀ ਕੀ ਰੁਟੀਨ ਹੈ ਤੇ ਬਾਬਾ ਜੀ ਦੀ ਨਿੱਤ ਦੀ ਰੁਟੀਨ ਕੀ ਸੀ? ਬਾਬਾ ਦੀਪ ਸਿੰਘ ਜੀ ਦਾ ਨਿਤ ਕਰਮ ਬਹੁਤ ਸਾਰੇ ਇਤਿਹਾਸਕਾਰਾਂ ਨੇ ਲਿਖਿਆ ਹੈ, ਇਹ ਗੁਣ ਲੈਣਾ ਹੈ, ਸਵੇਰੇ ਤੇ ਸ਼ਾਮੀਂ ਦੋ ਵੇਲੇ ਬਾਬਾ ਜੀ ਸੰਗਤ ਵਿੱਚ ਪਹੁੰਚਦੇ ਸਨ, ਸਤਿਸੰਗ ਕਰਦੇ ਸਨ। ਇਹ ਸਾਡੇ ਲਈ ਪੂਰਨੇ ਪਾਏ ਹਨ। ਇੰਨੇ ਵੱਡੇ ਬਾਬਾ ਦੀਪ ਸਿੰਘ ਜੀ ਜਿਨ੍ਹਾਂ ਦੇ ਅੰਸ਼ ਇਤਿਹਾਸ ਵਿੱਚੋਂ ਦਰਸ਼ਨ ਕਰ ਰਹੇ ਹੋ, ਬਾਬਾ ਜੀ ਦੋਵੇਂ ਵੇਲੇ ਸੰਗਤ ਵੀ ਕਰਦੇ ਸਨ :

*ਮਿਲਿ ਸਤਸੰਗਤਿ ਖੋਜੁ ਦਸਾਈ*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥*

*(ਅੰਗ ੯੪)*

ਇਹ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਸ਼ਬਦ ਹੈ, ਉਹ ਪ੍ਰੀਤਮ ਕਿੱਥੇ ਮਿਲੇ?

*ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥*
*ਮਿਲਿ ਸਤਸੰਗਤਿ ਖੋਜੁ ਦਸਾਈ*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥*

*(ਅੰਗ ੯੪)*

ਪ੍ਰੀਤਮ, ਪਿਆਰਾ ਕਿੱਥੇ ਮਿਲੇ? ਮਹਾਰਾਜ ਜੀ ਕਹਿੰਦੇ, ਦਸਾਈ? ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਕਹਿੰਦੇ, ਜਦੋਂ ਮੈਂ ਸੰਗਤ ਵਿੱਚ ਜਾ ਕੇ ਖੋਜਿਆ ਤੇ ਖੋਜ ਕੇ ਮੈਂ ਦੱਸ ਰਿਹਾ ਹਾਂ :

*ਮਿਲਿ ਸਤਸੰਗਤਿ ਖੋਜੁ ਦਸਾਈ*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥*

*(ਅੰਗ ੯੪)*

ਇਹ ਕੋਈ ਛੋਟੀ ਗੱਲ ਨਹੀਂ, ਬੈਟਰੀਆਂ ਚਾਰਜ ਕਰਨਾ। ਸੰਗਤ ਵਿੱਚ ਕਦੀ ਕੁਝ ਬਣ ਕੇ ਨਾ ਆਉਣਾ। ਸੰਗਤ ਵਿੱਚ ਕਦੀ ਕਿਸੇ ਨਾਲ ਫਿੱਕਾ ਨਾ ਬੋਲਣਾ। ਸੰਗਤ ਵਿੱਚ ਉਹ ਆਪ ਹੈ। ਸਾਡੇ ਬਾਬਾ ਦੀਪ ਸਿੰਘ ਜੀ ਜਿਨ੍ਹਾਂ ਦੇ ਜੀਵਨ ਦੇ ਅੰਸ਼ ਸਾਂਝੇ ਹੋ ਰਹੇ ਹਨ ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ, ਉਨ੍ਹਾਂ ਦਾ ਨਿਤ ਦਾ ਕਰਮ, ਦਾਸ ਨੂੰ ਬੜਾ ਅਨੰਦ ਆਉਂਦਾ ਹੈ, ਰੰਗੀਆਂ ਰੂਹਾਂ ਬਾਰੇ ਲੱਭੇ, ਉਨ੍ਹਾਂ ਦੀ 24 ਘੰਟੇ ਦੀ ਕੀ ਰੁਟੀਨ ਸੀ। ਬਾਬਾ ਜੀ ਦਾ ਪਹਿਲਾ ਨਿਤ ਦਾ ਕਰਮ ਇਤਿਹਾਸਕਾਰਾਂ ਨੇ ਲਿਖਿਆ ਹੈ, **ਦੋਵੇਂ ਵੇਲੇ ਸੰਗਤ, ਦੀਵਾਨ ਦੀ ਹਾਜ਼ਰੀ।**

ਬਾਬਾ ਦੀਪ ਸਿੰਘ ਜੀ ਦਾ ਦੂਜਾ ਨਿਤ ਕਰਮ ਇਤਿਹਾਸਕਾਰਾਂ ਨੇ ਲਿਖਿਆ ਹੈ, ਤੁਹਾਡਾ ਸਿਰ ਝੁਕ ਜਾਵੇਗਾ, ਬਾਬਾ ਦੀਪ ਸਿੰਘ ਜੀ ਦੇ ਨਿਤ ਕਰਮ ਵਿੱਚ ਇਹ ਵੀ ਸੀ ਕਿ **ਲੰਗਰ ਵਿੱਚ ਸਾਧ ਸੰਗਤ ਦੀ ਹੱਥੀ ਸੇਵਾ ਕਰਨੀ।** ਜਿਵੇਂ ਕਿ ਪਰਸ਼ਾਦਾ ਵਰਤਾਉਣਾ ਵੀ ਲੰਗਰ ਦੀ ਸੇਵਾ ਹੈ। ਦਾਲ ਵਰਤਾਉਣੀ ਵੀ ਲੰਗਰ ਦੀ ਸੇਵਾ ਹੈ। ਸੰਗਤ ਦੇ ਜੂਠੇ ਕੋਲੇ ਮਾਂਜਣੇ ਇਹ ਵੀ ਸੇਵਾ ਹੈ। ਬਾਬਾ ਜੀ ਦੇ ਨਿਤ ਦੇ ਦਿਨ ਵਿੱਚ ਕੁਝ ਸਮਾਂ ਇਹ ਵੀ ਹਾਜ਼ਰੀ ਲਗਾਉਂਦੇ ਸਨ।

ਜਿਵੇਂ ਬਾਬਾ ਠਾਕੁਰ ਸਿੰਘ ਜੀ ਦਮਦਮੀ ਟਕਸਾਲ ਵਾਲੇ, ਸੰਤ ਜਰਨੈਲ ਸਿੰਘ ਜੀ ਖਾਲਸਾ

ਭਿੰਡਰਾਂਵਾਲੇ ਤੋਂ ਬਾਅਦ ਜਿਨ੍ਹਾਂ ਨੇ ਸੇਵਾ ਸੰਭਾਲੀ, ਬਾਬਾ ਠਾਕੁਰ ਸਿੰਘ ਜੀ, ਬ੍ਰਹਮ ਗਿਆਨ ਨੂੰ ਪਹੁੰਚੀ ਆਤਮਾ ਸੀ ਪਰ ਵਿਦਿਆਰਥੀਆਂ ਨੂੰ ਪਹਿਲੀ ਪੰਗਤ ਵਿੱਚ ਪਰਸ਼ਾਦਾ ਆਪ ਛਕਾਉਂਦੇ ਸਨ। ਆਪ ਖੀਰ ਪਾਉਣੀ, ਆਪ ਕੋਲੇ ਵਰਤਾਉਣੇ। ਦਿਨੇ ਸੇਵਾ ਵਿਦਿਆਰਥੀਆਂ ਨੇ ਕਰਨੀ ਪਰ ਪਹਿਲੀ ਪੰਗਤ ਦੀ ਸੇਵਾ ਬਾਬਾ ਜੀ ਨੇ ਆਪ ਕਰਨੀ। ਆਪ ਕੌਲੇ ਵਰਤਾਉਣੇ, ਆਪ ਪਰਸ਼ਾਦਾ ਹੱਥਾਂ ਤੇ ਰੱਖਣਾ। ਆਪ ਸੰਗਤ ਜੀ, ਦੁੱਧ ਵਰਤਾਉਣਾ। ਇੱਥੇ ਆ ਕੇ ਸਿਰ ਝੁਕ ਜਾਂਦਾ ਹੈ, ਇੱਕ ਬ੍ਰਹਮ ਨਾਲ ਜੁੜੀ ਆਤਮਾ, ਬਾਬਾ ਠਾਕੁਰ ਸਿੰਘ ਜੀ ਦਮਦਮੀ ਟਕਸਾਲ ਵਾਲੇ ਆਪਣੇ ਵਿਦਿਆਰਥੀਆਂ ਦੀ ਪਹਿਲੀ ਪੰਗਤ ਵਿੱਚ ਜੂਠੇ ਕੌਲੇ ਵੀ ਆਪ ਚੁੱਕਦੇ ਸੀ। ਕਿਸੇ ਨੇ ਕਹਿ ਦਿੱਤਾ, ਬਾਬਾ ਠਾਕੁਰ ਸਿੰਘ ਜੀ ਨੂੰ, ਬਾਬਾ ਜੀ ਵਿਦਿਆਰਥੀ ਤਾਂ ਤੁਹਾਡੀ ਸੇਵਾ ਕਰਨ, ਤੁਸੀਂ ਵਿਦਿਆਰਥੀਆਂ ਦੀ ਸੇਵਾ ਕਰਦੇ ਹੋ। ਬਾਬਾ ਜੀ ਕਹਿੰਦੇ, ਦਿਨੇ ਵਿਦਿਆਰਥੀ ਹੀ ਸੇਵਾ ਕਰਦੇ ਹਨ ਪਰ ਪਹਿਲੀ ਪੰਗਤ ਦੀ ਆਪ ਸੇਵਾ ਕਰਦਾ ਹਾਂ ਤੇ ਕਹਿੰਦੇ, ਮੈਂ ਇਨ੍ਹਾਂ ਦੀ ਸੇਵਾ ਵਿਦਿਆਰਥੀ ਸਮਝ ਕੇ ਨਹੀਂ ਕਰਦਾ, ਜਦੋਂ ਮੈਂ ਇਨ੍ਹਾਂ ਦੀ ਸੇਵਾ ਕਰਦਾ ਹੈ ਤੇ ਇਹ ਭਾਵਨਾ ਹੁੰਦੀ ਹੈ ਕਿ ਮੈਂ ਖਾਲਸੇ ਦੀ ਸੇਵਾ ਕਰ ਰਿਹਾ ਹਾਂ। ਯਤਨ ਕਰੋ ਇਹ ਚੀਜ਼ਾਂ ਸਾਡੇ ਸਾਰੇ ਕੀਰਤਨੀ ਜੱਥਿਆਂ ਵਿੱਚ ਆਉਣ। ਜਿਹੜਾ ਤੁਹਾਡੇ ਵਿੱਚੋਂ ਕੀਰਤਨੀਆ ਬੈਠਾ ਹੈ, ਸੁਣਨ ਵਾਲਾ ਵੀ ਤੇ ਕਰਨ ਵਾਲਾ ਵੀ, ਇਹ ਨਾ ਕਹੇ, ਬਾਬਾ ਦੀਪ ਸਿੰਘ ਜੀ ਮੇਰੇ ਹਨ। ਸਾਰੇ ਆਪਾਂ ਕਹਿੰਦੇ ਹਾਂ, ਸਾਡੇ ਹਨ। ਬਾਬਾ ਜੀ ਦਾ ਮੇਰੇ ਨਾਲ ਪਿਆਰ ਬੜਾ ਹੈ। ਬਾਬਾ ਦੀਪ ਸਿੰਘ ਜੀ ਸਾਡੇ ਹਨ। ਬਾਬਾ ਦੀਪ ਸਿੰਘ ਜੀ ਦੇ ਅਸੀਂ ਦੀਵਾਨੇ ਹਾਂ। ਜੇ ਦੀਵਾਨੇ ਹੋ, ਫਿਰ ਬਾਬਾ ਦੀਪ ਸਿੰਘ ਜੀ ਦੇ ਨਿਤ ਦੇ ਕਰਮ ਵਿੱਚ ਲੰਗਰ ਵਿੱਚ ਸੇਵਾ ਵੀ ਕਰਨੀ, ਵਰਤਾਉਣ ਦੀ ਵੀ, ਕਿਹੜਾ ਵੇਲਾ ਹੋਵੇਗਾ। ਬਰਤਨ ਵੀ ਆਪ ਸਾਫ ਕਰਨੇ।

ਮਨੀਕਰਨ ਸਾਹਿਬ ਵਾਲੇ ਮਹਾਂਪੁਰਸ਼ ਸੰਤ ਬਾਬਾ ਹਰੀ ਨਾਰਾਇਣ ਜੀ, ਹੁਣ ਉਨ੍ਹਾਂ ਦੀ ਬੇਟੀ ਹੈ, ਦੇਵਾ ਜੀ ਸੇਵਾ ਨਿਭਾ ਰਹੇ ਹਨ। ਸੰਗਤ ਜੀ, ਰਾਤੀਂ ਇੱਕ ਸਵਾ ਇੱਕ ਉੱਠਣਾ ਤੇ ਇਸ਼ਨਾਨ ਤੋਂ ਪਹਿਲਾਂ ਜਿੰਨੀਆਂ ਫਲੱਸ਼ਾਂ ਹਨ, 15-20 ਸਾਰੀਆਂ ਫਲੱਸ਼ਾਂ ਆਪ ਧੋਣੀਆਂ, ਆਪ ਸਾਫ ਕਰਨੀਆਂ। ਸਵੇਰੇ ਪਹਿਲਾਂ ਆਪ ਧੋਣੀਆਂ, ਦਿਨੇ ਫਿਰ ਜਿਵੇਂ ਵੀ ਕੋਈ ਸੇਵਾਦਾਰ ਰੱਖਿਆ ਹੈ। ਸੰਗਤ ਵਿੱਚ ਪ੍ਰੇਮੀ ਕਹਿੰਦੇ ਮਹਾਂਪੁਰਸ਼ੋ, ਇਹ ਫਲੱਸ਼ਾਂ ਆਪ ਕਿਉਂ ਧੋਂਦੇ ਹੋ? ਕਿਸੇ ਨੇ ਪੁੱਛਿਆ? ਮਹਾਂਪੁਰਸ਼ ਕਹਿਣ ਲੱਗੇ, ਮੈਂ ਸੰਗਤ ਦੀ ਸੇਵਾ ਸਮਝ ਕੇ ਇਹ ਸਾਰੀਆਂ ਫਲੱਸ਼ਾਂ ਧੋ ਰਿਹਾ ਹਾਂ ਕਿ ਸੰਗਤ ਵਿੱਚ ਪ੍ਰਭੂ ਵਸਦਾ ਹੈ, ਕਿਧਰੇ ਮੇਰੀ ਵੀ ਹਾਜ਼ਰੀ ਲੱਗ ਜਾਵੇ। ਅੱਜ ਲੋੜ ਹੈ, ਇਹੋ ਜਿਹੇ ਗੁਰਸਿੱਖਾਂ ਦੀ। ਅੱਜ ਲੋੜ ਹੈ, ਬਾਬਾ ਠਾਕੁਰ ਸਿੰਘ ਜੀ ਦਮਦਮੀ ਟਕਸਾਲ ਵਾਲੇ ਮਹਾਂਪੁਰਸ਼ਾਂ ਦੀ, ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ, ਬਾਬਾ ਕੁੰਦਨ ਸਿੰਘ ਜੀ ਜਦੋਂ ਦੁਪਹਿਰੀਂ ਥੋੜ੍ਹਾ ਸਮਾਂ  ਅਰਾਮ ਕਰਨ ਦਾ ਹੁੰਦਾ ਸੀ ਕਿਉਂਕਿ ਸਾਰੇ ਸੇਵਾਦਾਰ ਨਾਨਕਸਰ ਇੱਕ ਜਾਂ ਡੇਢ ਵਜੇ ਰਾਤ ਉੱਠਦੇ ਹਨ, ਦੁਪਹਿਰੀਂ ਕੁਝ ਸਮਾਂ ਅਰਾਮ ਕਰਦੇ ਹਨ। ਜਦੋਂ ਬਿਹੰਗਮਾਂ ਨੇ ਦੁਪਹਿਰੀਂ ਅਰਾਮ ਕਰਨਾ, ਬਾਬਾ ਕੁੰਦਨ ਸਿੰਘ ਜੀ ਨੇ ਮੁੱਖ ਤੇ ਹਜ਼ੂਰੀਆਂ ਲੈ ਕੇ ਬਾਹਰ ਆ ਜਾਣਾ ਤੇ ਜਿੱਥੇ ਜਿੱਥੇ ਜੂਠੇ ਕੋਲੇ ਪਏ ਹੋਣੇ, ਸਾਰੇ ਚੁੱਕ ਕੇ ਮਾਂਜਣੇ, ਬਾਬਾ ਕੁੰਦਨ ਸਿੰਘ ਜੀ ਕਹਿੰਦੇ, ਮੇਰੀ ਵੀ ਸੰਗਤਾਂ ਦੀ ਸੇਵਾ ਵਿੱਚ ਹਾਜ਼ਰੀ ਲੱਗ ਜਾਵੇ। ਬਾਬਾ ਨੰਦ ਸਿੰਘ ਜੀ, ਉਹ ਵੀ ਸਾਧ ਸੰਗਤ ਜੀ, ਮੁੱਖ ਤੇ ਹਜ਼ੂਰੀਆ ਲੈ ਕੇ ਸੰਗਤ ਵਿੱਚ ਜੋੜਿਆਂ ਵਿੱਚ ਬੈਠ ਜਾਣਾ ਤੇ

ਆਪਣੇ ਗਲ ਦੇ ਹਜ਼ੂਰੀਏ ਨਾਲ ਸੰਗਤਾਂ ਦੇ ਜੋੜੇ ਸਾਫ ਕਰਨੇ, ਸਾਡੀ ਵੀ ਹਾਜ਼ਰੀ ਲੱਗ ਜਾਵੇ।

***ਮਿਲਿ ਸਤਸੰਗਤਿ ਖੋਜੁ ਦਸਾਈ***
***ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥***

*(ਅੰਗ ੯੪)*

ਦੋ ਚੀਜ਼ਾਂ ਹੋ ਗਈਆਂ। ਸਵੇਰੇ ਤੇ ਸ਼ਾਮ ਸਤਿਸੰਗ ਵਿੱਚ ਬੈਠਣਾ। ਦੀਵਾਨ ਦੀ ਹਾਜ਼ਰੀ। ਲੰਗਰ ਵਿੱਚ ਸੇਵਾ। ਬਾਬਾ ਦੀਪ ਸਿੰਘ ਜੀ ਕੋਈ ਛੋਟੀ ਮੋਟੀ ਸ਼ਖਸੀਅਤ ਨਹੀਂ। ਅਸਲੀ ਜੀਵਨ ਤਾਂ ਇਹ ਹੈ, ਇਤਿਹਾਸ ਪੜ੍ਹਨਾ ਤੇ ਅੰਸ਼ ਆਪਣੇ ਤੇ ਲੈਣਾ। ਤੀਜਾ, ਬਾਬਾ ਦੀਪ ਸਿੰਘ ਜੀ ਦਾ ਆਪਣਾ ਨਿਤਨੇਮ ਇੰਨਾ ਡੱਟਵਾਂ ਸੀ ਇਸ ਬਾਰੇ ਦਮਦਮੀ ਟਕਸਾਲ ਦੀਆਂ ਕਿਤਾਬਾਂ ਵਿੱਚ ਲਿਖਿਆ ਹੈ, ਬਾਕੀ ਨਿਤਨੇਮ ਤੋਂ ਇਲਾਵਾ ਬਾਬਾ ਦੀਪ ਸਿੰਘ ਜੀ ਦਾ 101 ਪਾਠ ਜਪੁ ਜੀ ਸਾਹਿਬ ਰੋਜ਼ ਦਾ ਨਿਤਨੇਮ ਸੀ। ਕਰੋ ਦਰਸ਼ਨ ਕਿਤੇ, ਭੋਰਾ ਸਾਹਿਬ। ਬਾਬਾ ਜੀ ਦਾ ਅਸਥਾਨ, ਸਾਬੋ ਕੀ ਤਲਵੰਡੀ। ਪੰਜਵਾਂ ਤਖ਼ਤ। ਭੋਰੇ ਦਾ ਨਾਂ ਹੈ, ਬਾਬਾ ਦੀਪ ਸਿੰਘ ਜੀ ਦਾ ਭੋਰਾ। ਦਾਸ ਬਾਬਾ ਜੀ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ। ਭੋਰੇ ਵਿੱਚ ਉਤਰੋ, ਤੁਹਾਡਾ ਸਿਮਰਨ ਚੱਲ ਪਵੇਗਾ। ਤੁਹਾਡੀ ਬੰਦਗੀ ਚੱਲ ਪਵੇਗੀ। ਉੱਥੇ ਇਹੋ ਜਿਹੀ ਤਾਸੀਰ ਹੈ, ਬਾਬਾ ਜੀ ਦੇ ਚੌਕੜੇ ਵੱਜੇ ਹਨ। ਬੰਦਗੀ ਕੀਤੀ ਹੈ। ਇੱਕ ਅਜਿਹੀ ਬਾਰੀ ਅੰਦਰ ਵੇਖੀ ਹੈ। ਸੋਹਣੀ ਵਿਛਾਈ ਹੋਈ ਹੁੰਦੀ ਹੈ। ਸ਼ਸ਼ਤਰ ਦਾ ਆਸਣ ਲੱਗਾ ਹੈ, ਸਿਰਹਾਣਾ ਲੱਗਾ ਹੈ, ਬੜਾ ਅਨੰਦ ਆਉਂਦਾ ਹੈ। ਉੱਥੇ ਦੋ ਗਾਗਰਾਂ ਅੱਜ ਵੀ ਪਈਆਂ ਹਨ। ਇੱਕ ਵਿੱਚ ਬਾਬਾ ਜੀ ਨੇ ਭੁੱਜੇ ਛੋਲੇ ਪਾ ਲੈਣੇ, ਇੱਕ ਵਿੱਚ ਜਲ ਤੇ ਬੰਦਗੀ ਵਿੱਚ ਬੈਠ ਜਾਣਾ। ਥੋੜ੍ਹੀ ਭੁੱਖ ਲੱਗਣੀ, ਛੋਲਿਆਂ ਦਾ ਫੱਕਾ ਮਾਰ ਲੈਣਾ, ਜੇ ਪਿਆਸ ਲੱਗੀ ਤਾਂ ਗਾਗਰ ਵਿੱਚੋਂ ਜਲ ਛੱਕ ਲੈਣਾ। ਇਹ ਚੀਜ਼ਾਂ ਲੈਣੀਆਂ ਹਨ। ਭੁੱਜੇ ਛੋਲੇ, ਹੋ ਸਕਦਾ ਹੈ, ਇਸ ਨਾਲ ਐਨਰਜੀ ਵਧਦੀ ਹੈ। ਇਹ ਵਾਹਿਗੁਰੂ ਜਾਣੇ। ਅਸੀਂ ਇਨ੍ਹਾਂ ਤੱਤਾਂ ਵਿੱਚ ਨਹੀਂ ਗਏ ਪਰ ਇਨ੍ਹਾਂ ਚੀਜ਼ਾਂ ਨਾਲ ਕੁਝ ਮਿਲਦਾ ਹੈ। ਵੱਡੇ ਪੁਰਖਾਂ ਨੇ ਕੁਝ ਸੋਚ-ਸੋਚ ਕੇ ਜਿਹੜੇ ਸਾਧ ਸੰਗਤ ਜੀ, ਹਰ ਚੀਜ਼ ਦੀ ਕਿਰਿਆ ਬਣਾਈ ਹੈ। **ਤੀਜਾ ਨਿਤ ਦਾ ਕਰਮ, ਬਾਬਾ ਜੀ ਦਾ ਡੱਟਵਾਂ ਨਿਤਨੇਮ।**

ਚੌਥਾ ਇਤਿਹਾਸਕਾਰਾਂ ਨੇ ਲਿਖਿਆ ਹੈ, ਬਾਬਾ ਜੀ ਦਾ ਨਿਤ ਦਾ ਕਰਮ, **ਵਿਦਿਆਰਥੀਆਂ ਨੂੰ ਵਿਦਿਆ ਵੀ ਪੜ੍ਹਾਉਂਦੇ ਸਨ, ਵਿਦਿਆਰਥੀਆਂ ਨੂੰ ਸੰਥਿਆ ਦੇਣੀ, ਕੀਰਤਨ ਸਿਖਾਉਣਾ, ਗੁਰਬਾਣੀ ਸ਼ੁੱਧ ਕਰਵਾਉਣੀ।** ਇਹ ਡਿਊਟੀਆਂ ਦਿਓ। ਇਹ ਡਿਊਟੀਆਂ ਭੁਗਤਾਓ। ਜੱਥੇ ਸਟੇਜ ਤੇ ਬੈਠੇ ਹਨ ਤੇ ਤੁਸੀਂ ਆਪਣੇ ਘਰ, ਆਪਣੇ ਮੁਹੱਲੇ ਦੇ ਗੁਰਦੁਆਰੇ ਵਿੱਚ, ਕਿਸੇ ਜਗ੍ਹਾ ਤੇ ਉਪਰਾਲਾ ਕਰ ਦਿਓ, ਪੰਦਰਾਂ ਬੱਚੇ ਆ ਜਾਣ। ਵੀਹ ਬੱਚੇ ਆ ਜਾਣ, ਪੰਝੀ ਆ ਜਾਣ ਬਾਬਾ ਦੀਪ ਸਿੰਘ ਜੀ ਖੁਸ਼ ਹੋਣਗੇ ਤੇ ਯਾਦ ਰੱਖਣਾ ਕਿਉਂਕਿ ਦਾਸ ਇਸ ਵਿੱਚੋਂ ਲੰਘਿਆ ਹੈ। ਜਦੋਂ ਤੁਸੀਂ ਵਿਦਿਆਰਥੀਆਂ ਨੂੰ ਕੁਝ ਸਿਖਾਉਂਦੇ ਹੋ, ਉਸ ਵੇਲੇ ਸਿਖਾ ਨਹੀਂ ਰਹੇ ਹੁੰਦੇ, ਅਸੀਂ ਆਪ ਸਿਖ ਰਹੇ ਹੁੰਦੇ ਹਾਂ। ਆਪਣਾ ਗੁਣ ਵਧਦਾ ਹੈ। ਆਪਣੇ ਆਪ ਨੂੰ ਕਿੰਨੀ ਗੁਰਬਾਣੀ ਦੀ ਡੂੰਘਾਈ ਪਤਾ ਲੱਗਦੀ ਹੈ, ਕਈ ਕੁਝ ਪਤਾ ਲੱਗਦਾ ਹੈ। ਇਹ ਸਾਡੇ ਬਾਬਾ ਜੀ ਦੇ ਗੁਣ ਅੱਗੇ ਪਹੁੰਚਾਉਣ ਦੀ ਲੋੜ ਹੈ। ਦੋ ਵੇਲੇ ਸਤਿਸੰਗ, ਲੰਗਰ ਵਿੱਚ ਸੇਵਾ, ਡੱਟਵਾਂ ਨਿਤਨੇਮ, ਵਿਦਿਆਰਥੀਆਂ ਨੂੰ ਵਿਦਿਆ ਪੜ੍ਹਾਉਣੀ, ਗੁਰਮਤਿ ਦਾ ਪ੍ਰਚਾਰ ਕਰਨਾ।

ਪੰਜਵਾਂ ਨਿਤ ਦਾ ਕਰਮ ਲਿਖਿਆ ਹੈ ਕਿ ਇਸ ਤੋਂ ਇਲਾਵਾ ਵਿਹਲ ਮਿਲੇ ਤੇ ਬਾਬਾ ਦੀਪ ਸਿੰਘ ਜੀ ਨੇ ਨਿਰੇ ਚਾਰ ਸਰੂਪ ਨਹੀਂ ਲਿਖੇ ਬਲਕਿ ਪੰਜਵਾਂ ਸਰੂਪ ਅਰਬੀ ਵਿੱਚ ਵੀ ਲਿਖਿਆ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ। ਬਾਬਾ ਦੀਪ

ਸਿੰਘ ਜੀ ਨਿਤ ਦੇ ਕਰਮ ਵਿੱਚ **ਉਸ ਤੋਂ ਇਲਾਵਾ ਵਿਹਲ ਮਿਲੇ ਤੇ ਗੁਰਬਾਣੀ ਦੇ ਗੁਟਕਾ ਸਾਹਿਬ ਵੀ ਲਿਖਦੇ ਸਨ।** ਉਦੋਂ ਪ੍ਰੈੱਸਾਂ ਨਹੀਂ ਸਨ ਹੁੰਦੀਆਂ। ਬਾਬਾ ਜੀ ਨੇ ਗੁਰਬਾਣੀ ਦੇ ਗੁਟਕਾ ਸਾਹਿਬ ਆਪ ਲਿਖਣੇ। ਤੇ ਉਨ੍ਹਾਂ ਨੂੰ ਵੰਡਣਾ ਕਿ ਗੁਰਬਾਣੀ ਅੰਮ੍ਰਿਤ ਹੈ, ਅੰਮ੍ਰਿਤ।

ਪਹਿਲਾ ਗੁਟਕਾ ਸਾਹਿਬ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਲਿਖਿਆ ਹੈ। ਦਾਸ ਨੂੰ ਉਹ ਜਗ੍ਹਾ ਭੁੱਲ ਗਈ ਹੈ ਜਿੱਥੇ ਉਹ ਗੁਟਕਾ ਸਾਹਿਬ ਬਿਰਾਜਮਾਨ ਹੈ। ਬਾਬਾ ਦੀਪ ਸਿੰਘ ਜੀ ਨੇ ਗੁਰਬਾਣੀ ਦੇ ਗੁਟਕਾ ਸਾਹਿਬ ਵੀ ਲਿਖਣੇ।

ਬਾਬਾ ਦੀਪ ਸਿੰਘ ਜੀ ਤੁਹਾਡੀ ਸੜਕ ਤਰਨ ਤਾਰਨ ਰੋਡ ਜਿੱਥੇ ਦੀਵਾਨ ਵੀ ਲੱਗੇ ਹਨ, ਇਸੇ ਸੜਕ ਤੋਂ ਬਾਬਾ ਦੀਪ ਸਿੰਘ ਜੀ ਆਏ ਹਨ ਜਦੋਂ ਅਬਦਾਲੀ ਵੱਲੋਂ ਅੰਮ੍ਰਿਤ ਸਰੋਵਰ ਪੂਰਿਆ ਗਿਆ, ਸਾਧ ਸੰਗਤ ਜੀ, ਸ੍ਰੀ ਤਰਨ ਤਾਰਨ ਸਾਹਿਬ ਤੋਂ ਅਰਦਾਸਾ ਸੋਧ ਕੇ ਗੁ: ਟਾਹਲਾ ਸਾਹਿਬ, ਬਾਬਾ ਜੀ ਦਾ ਸੀਸ ਲੱਥਾ ਹੈ। ਸਿੱਖ ਨੇ ਅਵਾਜ਼ਾ ਦਿੱਤਾ। ਬਾਬਾ ਜੀ, ਤੁਸੀਂ ਪ੍ਰਣ ਕੀਤਾ ਸੀ, ਸੀਸ ਦੇਣਾ ਹੈ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜਾ ਕੇ, ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ। ਬਾਬਾ ਜੀ ਨੇ ਖੱਬੇ ਹੱਥ ਦੀ ਤਲੀ ਤੇ ਸੀਸ ਚੁੱਕਿਆ ਤੇ ਸੱਜੇ ਹੱਥ ਵਿੱਚ ਅਠਾਰ੍ਹਾਂ ਸੇਰ ਦਾ ਖੰਡਾ। ਹੁਣ ਕੀ ਪਤਾ ਹੈ? ਕੁਦਰਤੀ ਤਰਨ ਤਾਰਨ ਰੋਡ ਤੇ ਪ੍ਰੋਗਰਾਮ ਹੋ ਰਿਹਾ ਹੈ। ਕੀ ਪਤਾ, ਬਾਬਾ ਜੀ ਇੱਧਰੋਂ ਹੀ ਲੰਘੇ ਹੋਣ। ਉਸ ਵੇਲੇ ਉਹ ਜਥਾ ਇੱਧਰੋਂ ਹੀ ਲੰਘਿਆ ਹੋਵੇ। ਕਦੀ ਇਹ ਨਾ ਕਹਿਣਾ, ਸੀਸ ਸੁੱਟਿਆ। ਗੁ: ਟਾਹਲਾ ਸਾਹਿਬ ਸੀਸ ਲੱਥਾ। ਸ੍ਰੀ ਹਰਿਮੰਦਰ ਸਾਹਿਬ ਪਰਕਰਮਾ ਵਿੱਚ ਅਸਥਾਨ ਹੈ ਜਿੱਥੇ ਬਾਬਾ ਦੀਪ ਸਿੰਘ ਜੀ ਨੇ ਆਪਣਾ ਸੀਸ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਚਰਨਾਂ ਵਿੱਚ ਭੇਟ ਕੀਤਾ ਹੈ ਤੇ ਚਾਟੀਵਿੰਡ ਗੇਟ, ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਇੱਥੇ ਬਾਬਾ ਜੀ ਦਾ ਸਰੀਰ ਅਗਨ ਭੇਟ ਹੋਇਆ। ਗੁਰਦੁਆਰਾ ਲਲਕਾਰ ਸਾਹਿਬ ਜਿੱਥੇ ਬਾਬਾ ਜੀ ਨੇ ਤੁਰਕਾਂ ਨੂੰ ਲਲਕਾਰਿਆ। ਗੁਰਦੁਆਰਾ ਲਕੀਰ ਸਾਹਿਬ ਜਿੱਥੇ ਲਕੀਰ ਖਿੱਚੀ। ਇਸ ਤਰ੍ਹਾਂ ਬਾਬਾ ਜੀ ਦੀ ਕਮਾਈ, ਜਿੱਥੇ ਜਿੱਥੇ ਬਾਬਾ ਜੀ ਆਏ ਹਨ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਜ਼ਾਦ ਕਰਵਾਉਣ ਲਈ, ਸਾਡੇ ਵਾਸਤੇ ਐਫ.ਡੀਜ਼ ਹੀ ਖੋਲ੍ਹ ਦਿੱਤੀਆਂ ਹਨ। ਅੱਜ ਕਹਿਣ ਸੁਣਨ ਤੋਂ ਪਰ੍ਹੇ ਹੈ ਸ਼ਹੀਦ ਸਿੰਘ ਇਤਨੇ ਮਿਹਰਵਾਨ ਹਨ ਕੋਈ ਪੰਜ ਚੁਪਹਿਰੇ ਕਹਿ ਕੇ ਆਉਂਦਾ ਹੈ ਕਿ ਮੇਰੀ ਫਲਾਣੀ ਆਸ ਪੂਰੀ ਹੋ ਜਾਵੇ। ਬਾਬਾ ਦੀਪ ਸਿੰਘ ਜੀ ਗੁਰਬਾਣੀ ਪੜ੍ਹਨ ਵਾਲੇ ਤੇ ਇੰਨੀ ਦਿਆਲਤਾ ਦੂਸਰੇ ਤੀਸਰੇ ਚੁਪਹਿਰੇ ਤੇ ਕਿਰਪਾ ਹੋ ਜਾਂਦੀ ਹੈ। ਹਰ ਐਤਵਾਰ ਨੂੰ ਚਾਰ-ਪੰਜ ਲੱਖ ਸਰੀਰ ਦਰਸ਼ਨ ਕਰਨ ਲਈ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਨਤਮਸਤਕ ਹੁੰਦਾ ਹੈ। ਬਾਬਾ ਜੀ ਅਕਿਰਤਘਣਾਂ ਦੀਆਂ ਵੀ ਝੋਲੀਆਂ ਭਰ ਰਹੇ ਹਨ। ਆਪ ਜੀ ਵੀ ਇਸ ਮਹਾਨ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਦਰ ਦੇ ਤੇ ਹੋਰਨਾਂ ਨੂੰ ਵੀ ਪ੍ਰੇਰਨਾ ਦੇ ਕੇ ਗੁਰਬਾਣੀ ਦੇ ਲੜ ਲਗਾਓ।

ਇਸੇ ਅਸਥਾਨ ਬਾਰੇ ਦਾਸ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ ਕਿ ਲੱਖਾਂ ਸਰੀਰਾਂ ਦੇ ਲੇਖ ਬਦਲ ਰਹੇ ਹਨ। ਲੱਖਾਂ ਸਰੀਰਾਂ ਦੀਆਂ ਝੋਲੀਆਂ ਭਰੀਆਂ ਹਨ।

***ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥***
***ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥***

***(ਅੰਗ ੨੭੩)***

ਇਹੋ ਜਿਹੇ ਮਹਾਨ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਦੀ ਆਪ ਜੀ ਨੇ ਸੇਵਾ ਲਈ। ਆਓ ਜੀ ਪੜ੍ਹੋ ਪੰਕਤੀਆਂ ਤੇ ਫਿਰ ਸਮਾਪਤੀ ਹੈ:

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ **'ਸਿਫਤਿ ਸਾਲਾਹ ਰਸਾਲੇ'** ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਸਵਾਲਾਂ ਨੂੰ ਵੀ ਇਸ ਕਾਲਮ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਸਮੇਂ-ਸਮੇਂ ਸੰਗਤਾਂ ਭਾਈ ਸਾਹਿਬ ਤੋਂ ਗੁਰਮਤਿ ਅਨੁਸਾਰ ਦੁਨਿਆਵੀਂ ਤੇ ਅਧਿਆਤਮਿਕ ਸੇਧ ਪ੍ਰਾਪਤ ਕਰਦੀਆਂ ਹਨ।

**27. ਸਵਾਲ: ਸਤਿਕਾਰਯੋਗ ਵੀਰ ਜੀ, ਕੋਈ ਐਸੀ ਜੁਗਤੀ ਦੱਸੋ ਕਿ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਦਰ ਤੋਂ ਖਾਲੀ ਨਾ ਜਾਈਏ, ਝੋਲੀ ਭਰ ਕੇ ਜਾਈਏ।**

**ਜਵਾਬ:** ਕੁਝ ਗੱਲਾਂ ਨੂੰ ਜੇ ਧਿਆਨ ਵਿੱਚ ਰੱਖੀਏ ਤਾਂ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਦਰ ਤੋਂ ਖਾਲੀ ਨਹੀਂ ਜਾਵਾਂਗੇ। ਪਹਿਲੀ ਗੱਲ- ਬਾਬਾ ਜੀ ਦੇ ਦਰ ਤੇ ਜਾਣ ਵਿੱਚ ਨਿਮਰਤਾ ਹੋਵੇ। ਦੂਸਰੀ ਗੱਲ- ਮੰਗਣ ਵਿੱਚ ਕਿਸੇ ਪ੍ਰਤੀ ਈਰਖਾ ਨਾ ਹੋਵੇ। ਤੀਸਰੀ ਗੱਲ- ਮੰਗ ਵਿੱਚ ਲੋਭ ਨਾ ਹੋਵੇ ਤੇ ਚੌਥੀ ਗੱਲ- ਜਦੋਂ ਬਾਬਾ ਦੀਪ ਸਿੰਘ ਜੀ ਦੇ ਦਰ ਜਾਣ ਲੱਗੋ, ਘਰੋਂ ਤੁਰਦਿਆਂ ਹੀ ਬਾਣੀ ਪੜ੍ਹਨੀ ਸ਼ੁਰੂ ਕਰ ਦਿਓ ਜਾਂ ਸਿਮਰਨ ਕਰਨਾ ਸ਼ੁਰੂ ਕਰ ਦਿਓ। ਜੇ ਇਹ ਜੁਗਤੀਆਂ ਪੱਲੇ ਹੋਣ ਤੇ ਫਿਰ ਬਾਬਾ ਦੀਪ ਸਿੰਘ ਜੀ ਉਡੀਕਦੇ ਹਨ ਕਿ ਮੇਰਾ ਪਿਆਰਾ ਆ ਰਿਹਾ ਹੈ, ਮੇਰੀ ਬੱਚੀ ਆ ਰਹੀ ਹੈ।

ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਘਰੋਂ ਨਿਕਲਣ ਵੇਲੇ ਕਾਮ, ਕ੍ਰੋਧ, ਲੋਭ ਤੇ ਮੋਹ ਇਨ੍ਹਾਂ ਚਾਰਾਂ ਨੂੰ ਘਰ ਬਿਠਾ ਕੇ ਆ। ਇਹ ਕਹਿ ਕੇ, ਵਾਸ਼ਨਾਓ, ਹੁਣ ਮੈਂ ਸਤਿਸੰਗ ਵਿੱਚ ਚੱਲਿਆ ਹਾਂ, ਕਿਰਪਾ ਕਰਨੀ, ਹੁਣ ਘਰ ਹੀ ਰਹਿਣਾ।

ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਜਦੋਂ ਗੁਰਦੁਆਰਾ ਸਾਹਿਬ ਜਾ ਕੇ ਜੋੜੇ ਉਤਾਰਦੇ ਹੋ ਤੇ ਫਿਰ ਹਉਮੈ ਨੂੰ ਕਹੋ ਕਿ ਹੁਣ ਤੂੰ ਵੀ ਇੱਥੇ ਜੋੜਿਆਂ ਵਿੱਚ ਰਹਿ। ਇਹ ਜੁਗਤੀਆਂ ਪੱਲੇ ਹੋਣ ਤੇ ਫਿਰ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਦਰ ਤੋਂ ਝੋਲੀ ਭਰ ਕੇ ਆਉਗੇ।

❖❖❖

**28. ਸਵਾਲ: ਸਤਿਕਾਰਯੋਗ ਵੀਰ ਜੀ, ਕੀ ਬਾਬਾ ਦੀਪ ਸਿੰਘ ਜੀ ਵਰਗੇ ਬ੍ਰਹਮ ਗਿਆਨੀ ਦੀ ਉਸਤਤ ਕਰਨੀ ਠੀਕ ਹੈ?**

**ਜਵਾਬ:** ਕਿਸੇ ਦੇ ਮਨ ਵਿੱਚ ਆਵੇ, ਰੱਬ ਦੀ

ਸਿਫਤ ਤਾਂ ਕਰਨੀ ਚਾਹੀਦੀ ਹੈ ਪਰ ਬਾਬਾ ਦੀਪ ਸਿੰਘ ਜੀ ਨੂੰ ਧੰਨ ਕਹੀਏ ਤਾਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਇਸ ਪਾਵਨ ਪੰਕਤੀ ਨਾਲ ਗਿਆਨ ਦਾ ਚਾਨਣ ਦੇ ਕੇ ਮਹਾਰਾਜ ਜੀ ਮੈਲ ਧੋ ਦਿੰਦੇ ਹਨ:

***ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥***
***ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥***
***(ਅੰਗ ੬੫੨)***

ਬਾਬਾ ਦੀਪ ਸਿੰਘ ਜੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇੰਨੇ ਲਾਡਲੇ ਹਨ, ਇੰਨੇ ਪਿਆਰੇ ਹਨ ਕਿ ਜਿਸ 'ਤੇ ਬਾਬਾ ਦੀਪ ਸਿੰਘ ਜੀ ਦੀ ਖੁਸ਼ੀ, ਉਸ 'ਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਖੁਸ਼ੀ। ਜਿਸ 'ਤੇ ਬਾਬਾ ਦੀਪ ਸਿੰਘ ਜੀ ਪ੍ਰਸੰਨ, ਉਸ 'ਤੇ ਧੰਨ ਸ੍ਰੀ ਗੁਰੂ ਗੋਬਿੰਦ ਜੀ ਮਹਾਰਾਜ ਪ੍ਰਸੰਨ। ਜਿਸ ਦੇ ਮਾੜੇ ਕਰਮਾਂ ਦੇ ਵਰਕੇ ਬਾਬਾ ਦੀਪ ਸਿੰਘ ਜੀ ਨੇ ਪਾੜ ਦਿੱਤੇ, ਉਸ ਦੇ ਮਾੜੇ ਕਰਮਾਂ ਦੇ ਵਰਕੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪਾੜ ਦਿੱਤੇ। ਕਿਉਂਕਿ ਬਾਬਾ ਦੀਪ ਸਿੰਘ ਜੀ ਨੇ ਗੁਰੂ ਸਾਹਿਬ ਜੀ ਨੂੰ ਇੰਨਾ ਰਿਝਾਇਆ, ਇੰਨਾ ਰਿਝਾਇਆ ਕਿ ਦਰਗਾਹ ਦੀਆਂ ਚਾਬੀਆਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਦੀਪ ਸਿੰਘ ਜੀ ਨੂੰ ਫੜਾ ਦਿੱਤੀਆਂ ਤੇ ਕਿਹਾ ਹੋਏਗਾ ਕਿ ਖੀਸਾ ਮੇਰਾ ਤੇ ਹੱਥ ਤੇਰਾ ਜਿਸਦੀ ਮਰਜ਼ੀ ਝੋਲੀ ਭਰੀ ਜਾਓ। ਇਸ ਕਰਕੇ ਯਾਦ ਰੱਖਿਓ ਪਰਮੇਸ਼ਰ ਤੇ ਪਰਮੇਸ਼ਰ ਦੇ ਪਿਆਰੇ ਵਿੱਚ ਕੋਈ ਫ਼ਰਕ ਨਹੀਂ ਗੁਰਬਾਣੀ ਵਿੱਚ ਫ਼ਰਮਾਨ ਹੈ:

***ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ ॥***
***(ਸ੍ਰੀ ਦਸਮ ਗ੍ਰੰਥ)***
***ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੬੦॥***
***(ਸ੍ਰੀ ਦਸਮ ਗ੍ਰੰਥ)***

❖❖❖

**29. ਸਵਾਲ: ਸਤਿਕਾਰਯੋਗ ਵੀਰ ਜੀ, ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਕਿੰਨੇ ਕੁ ਨਿਰਵੈਰ ਹਨ?**

**ਜਵਾਬ:** ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਨਿਰਵੈਰਤਾ ਦੀ ਮੂਰਤ ਹੋਏ ਹਨ। ਕਿਸੇ ਪੜ੍ਹੇ-ਲਿਖੇ ਵਿਦਵਾਨ ਨੇ ਆਖਿਆ ਸੀ ਕਿ ਬਾਬਾ ਦੀਪ ਸਿੰਘ ਜੀ ਇੰਨੇ ਵੱਡੇ ਪਰਉਪਕਾਰੀ ਹਨ ਕਿ ਇਨ੍ਹਾਂ ਦਾ ਹਿਰਦਾ ਮੱਖਣ ਵਾਂਗ ਨਰਮ ਹੈ ਅਤੇ ਉਸ ਦੇ ਕੋਲ ਕੋਈ ਕਮਾਈ ਵਾਲੇ ਮਹਾਂਪੁਰਖ ਬੈਠੇ ਸਨ। ਮਹਾਂਪੁਰਖ ਉਸ ਦੀ ਗੱਲ ਨੂੰ ਰੋਕ ਕੇ ਕਹਿਣ ਲੱਗੇ ਕਿ ਪਿਆਰਿਆ, ਤੇਰੀ ਭਾਵਨਾ ਬਾਬਾ ਦੀਪ ਸਿੰਘ ਜੀ 'ਤੇ ਅਜੇ ਘੱਟ ਹੈ ਤੇ ਉਹ ਕਹਿੰਦਾ ਹੈ, ਜੀ ਉਹ ਕਿਵੇਂ? ਮਹਾਂਪੁਰਸ਼ਾਂ ਨੇ ਉਦਾਹਰਣ ਦਿੱਤੀ। ਕਹਿੰਦੇ, ਪਹਿਲੀ ਗੱਲ ਇਹ ਕਿ ਮੱਖਣ ਉਦੋਂ ਪਿੰਘਲਦਾ ਹੈ ਜਦੋਂ ਉਸ ਨੂੰ ਸੇਕ ਲੱਗੇ। ਮਹਾਂਪੁਰਸ਼ ਕਹਿੰਦੇ, ਤੂੰ ਇਹ ਕਹਿ ਕਿ ਬਾਬਾ ਦੀਪ ਸਿੰਘ ਜੀ ਦਾ ਹਿਰਦਾ ਮੱਖਣ ਤੋਂ ਵੀ ਜ਼ਿਆਦਾ ਨਰਮ ਹੈ। ਉਹ ਸਰੀਰ ਕਹਿਣ ਲੱਗਾ ਕਿ ਇਨ੍ਹਾਂ ਦੋਹਾਂ ਲਾਈਨਾਂ ਵਿੱਚ ਫ਼ਰਕ ਕੀ ਹੋਇਆ? ਬਾਬਾ ਦੀਪ ਸਿੰਘ ਜੀ ਦਾ ਹਿਰਦਾ ਮੱਖਣ ਵਰਗਾ ਨਰਮ ਹੈ ਤੇ ਬਾਬਾ ਦੀਪ ਸਿੰਘ ਜੀ ਦਾ ਹਿਰਦਾ ਮੱਖਣ ਤੋਂ ਵੀ ਜ਼ਿਆਦਾ ਨਰਮ ਹੈ। ਮਹਾਂਪੁਰਸ਼ ਕਹਿਣ ਲੱਗੇ, ਮੱਖਣ ਉਦੋਂ ਪਿੰਘਲਦਾ ਹੈ ਜਦੋਂ ਮੱਖਣ ਨੂੰ ਖੁਦ ਨੂੰ ਸੇਕ ਲੱਗੇ ਪਰ ਬਾਬਾ ਦੀਪ ਸਿੰਘ ਜੀ ਦਾ ਹਿਰਦਾ ਮੱਖਣ ਤੋਂ ਵੀ ਜ਼ਿਆਦਾ ਨਰਮ ਹੈ।

ਹਿੰਦੁਸਤਾਨ ਦੀਆਂ ਧੀਆਂ-ਭੈਣਾਂ ਨੂੰ ਬੰਦੀ ਬਣਾ ਕੇ ਅਬਦਾਲੀ ਗਜ਼ਨੀ ਲਿਜਾ ਰਿਹਾ ਹੈ ਪਰ ਇਨ੍ਹਾਂ ਵਿੱਚੋਂ ਸਿੱਖਾਂ ਦੀ ਧੀ-ਭੈਣ ਇੱਕ ਵੀ ਨਹੀਂ। ਜਦੋਂ ਬਾਬਾ ਜੀ ਨੂੰ ਪਤਾ ਲੱਗਾ ਤੇ ਕਹਿਣ ਲੱਗੇ, ਧੀਆਂ-ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ।

ਉਨ੍ਹਾਂ ਧੀਆਂ-ਭੈਣਾਂ ਨੂੰ ਅਬਦਾਲੀ ਦੇ ਚੁੰਗਲ ਵਿੱਚੋਂ ਛੁਡਾ ਕੇ ਸਤਿਕਾਰ ਸਹਿਤ ਉਨ੍ਹਾਂ ਦੇ ਘਰੋਂ ਘਰੀਂ ਪਹੁੰਚਾਇਆ। ਸੇਕ ਕਿੱਥੇ ਲੱਗ ਰਿਹਾ ਹੈ ਪਰ ਹਿਰਦਾ ਬਾਬਾ ਦੀਪ ਸਿੰਘ ਜੀ ਦਾ ਪਿੰਘਲ ਰਿਹਾ ਹੈ।

ਇਤਿਹਾਸ ਵਿੱਚ ਆਉਂਦਾ ਹੈ ਕਿ ਹਿੰਦੂ ਵੀਰ ਕਰਮ ਚੰਦ ਤੇ ਉਸ ਦੀ ਪਤਨੀ, ਉਹ ਦੋਨੋਂ ਰੋਂਦੇ ਹੋਏ ਆ ਗਏ, ਬਾਬਾ ਜੀ ਕੋਲ। ਬਾਬਾ ਜੀ ਨੂੰ ਬੇਨਤੀ ਕੀਤੀ, ਬਾਬਾ ਜੀ! ਸਾਡੀ ਨੂੰਹ ਤੇ ਧੀ ਨੂੰ ਨਾਸਰਦੀਨ ਦੇ ਬੰਦੇ ਚੁੱਕ ਕੇ ਲੈ ਗਏ ਹਨ ਤੇ ਮੈਨੂੰ ਜ਼ਖਮੀ ਕਰ ਗਏ ਹਨ, ਕਿਰਪਾ ਕਰਕੇ ਮੇਰੀ ਇੱਜ਼ਤ ਬਚਾਓ। ਬਾਬਾ ਦੀਪ ਸਿੰਘ ਜੀ ਉਸੇ ਵੇਲੇ ਜਲਾਲ ਵਿੱਚ ਆ ਗਏ ਤੇ ਤੁਰੰਤ ਸਿੰਘਾਂ ਨੂੰ ਨਾਲ ਲੈ ਕੇ ਗਏ, ਨਾਸਰਦੀਨ ਦੀ ਗੜ੍ਹੀ ਨੂੰ ਘੇਰਾ ਪਾ ਲਿਆ। ਕੀ ਉਹ ਬਾਬਾ ਦੀਪ ਸਿੰਘ ਜੀ ਦੀ ਆਪਣੀ ਨੂੰਹ ਸੀ? ਕੀ ਬਾਬਾ ਦੀਪ ਸਿੰਘ ਜੀ ਦੀ ਆਪਣੀ ਧੀ ਸੀ? ਇੱਕ ਹਿੰਦੂ ਵੀਰ ਕਰਮ ਚੰਦ ਤੇ ਉਸ ਦੀ ਪਤਨੀ ਰੋਂਦੇ ਹੋਏ ਆਏ। ਉਨ੍ਹਾਂ ਦੇ ਅੱਥਰੂ ਬਾਬਾ ਜੀ ਕੋਲੋਂ ਨਹੀਂ ਵੇਖੇ ਗਏ। ਇਹ ਸੀ, ਬਾਬਾ ਦੀਪ ਸਿੰਘ ਜੀ ਦੀ ਨਿਰਵੈਰਤਾ। ਗੜ੍ਹੀ ਨੂੰ ਘੇਰਾ ਪਾ ਲਿਆ। ਅਵਾਜ਼ਾ ਦਿੱਤਾ, ਬਾਬਾ ਦੀਪ ਸਿੰਘ ਜੀ ਨੇ, ਨਾਸਰਦੀਨ। ਜੇ ਤਾਂ ਚੁੱਪ ਚੁੱਪੀਤੇ ਕਰਮ ਚੰਦ ਦੀ ਨੂੰਹ ਤੇ ਧੀ ਵਾਪਸ ਕਰ ਦੇ, ਜੰਗ ਹੋਣ ਤੋਂ ਬਚ ਸਕਦੀ ਹੈ। ਨਹੀਂ ਤਾਂ ਤਿਆਰ ਹੋ ਜਾ। ਉਸ ਨੇ ਵੇਖਿਆ, ਗੜ੍ਹੀ ਨੂੰ ਘੇਰਾ ਪਿਆ ਹੈ। ਇਤਿਹਾਸਕਾਰਾਂ ਨੇ ਲਿਖਿਆ ਹੈ, ਨਾਸਰਦੀਨ ਮੂੰਹ ਵਿੱਚ ਘਾਹ ਪਾ ਕੇ ਚਿੱਟਾ ਝੰਡਾ ਚੁੱਕ ਕੇ, ਇਹ ਨਿਸ਼ਾਨੀ ਹੁੰਦੀ ਹੈ, ਮੈਂ ਸਰੰਡਰ ਕਰ ਰਿਹਾ ਹਾਂ। ਇਹ ਬਾਹਰ ਆ ਗਿਆ। ਕਹਿਣ ਲੱਗਾ, ਮੈਂ ਨੂੰਹ ਤੇ ਧੀ ਨੂੰ ਸੁਰੱਖਿਅਤ ਰੱਖਿਆ ਹੈ। ਮੇਰਾ ਕੋਈ ਕਸੂਰ ਨਹੀਂ, ਸਿਪਾਹੀਆਂ ਦੀ ਗਲਤੀ ਹੈ। ਬਾਬਾ ਦੀਪ ਸਿੰਘ ਜੀ ਨੇ ਤਾੜਨਾ ਕੀਤੀ ਤੇ ਅੱਗੇ ਤੋਂ ਅਜਿਹਾ ਕਰਨ ਤੋਂ ਵਰਜਿਆ। ਨੂੰਹ ਤੇ ਧੀ ਨੂੰ ਕਰਮ ਚੰਦ ਤੇ ਉਸ ਦੀ ਪਤਨੀ ਦੇ ਹਵਾਲੇ ਕੀਤਾ। ਇੰਨੇ ਨਿਰਵੈਰ ਸਨ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ।

ਅੱਜ ਵੀ ਗੁਰਦੁਆਰਾ ਸ਼ਹੀਦਾਂ ਸਾਹਿਬ, ਚਾਟੀਵਿੰਡ ਚੌਂਕ, ਅੰਮ੍ਰਿਤਸਰ ਜਾਈਏ ਜਿੱਥੇ ਲੱਖਾਂ ਸੰਗਤਾਂ ਨਤਮਸਤਕ ਹੁੰਦੀਆਂ ਹਨ, ਉੱਥੇ ਖੜ੍ਹੇ ਹੋ ਕੇ ਕਦੀ ਨੋਟ ਕਰੋ ਕਿ ਜਿਹੜੀ ਲਾਈਨ ਲੱਗੀ ਹੈ ਦਰਸ਼ਨ ਕਰਨ ਵਾਲਿਆਂ ਦੀ ਉਸ ਵਿੱਚ ਕੇਵਲ ਸਿੱਖ ਹੀ ਨਹੀਂ, ਬਲਕਿ ਅਨੇਕਾਂ ਹਿੰਦੂ ਵੀਰ, ਮੁਸਲਮਾਨ ਵੀਰ ਅਤੇ ਹੋਰ ਅਨੇਕਾਂ ਧਰਮਾਂ ਨੂੰ ਮੰਨਣ ਵਾਲੇ ਵੀ ਹੱਥ ਜੋੜ ਖੜ੍ਹੇ ਹੁੰਦੇ ਹਨ। ਨਮਸਕਾਰ ਕਰਦੇ ਹਨ। ਹਰ ਕੋਈ ਉੱਥੋਂ ਝੋਲੀਆਂ ਭਰਵਾ ਕੇ ਨਿਕਲਦਾ ਹੈ। ਇੰਨੀ ਨਿਰਵੈਰਤਾ ਬਾਬਾ ਦੀਪ ਸਿੰਘ ਜੀ ਅੰਦਰ।

❖❖❖

**30. ਸਵਾਲ: ਸਤਿਕਾਰਯੋਗ ਵੀਰ ਜੀ, ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਗੁਰਬਾਣੀ ਪ੍ਰਤੀ ਕਿੰਨਾ ਪਿਆਰ ਸੀ?**

**ਜਵਾਬ:** ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਗੁਰਬਾਣੀ ਦਾ ਰੂਪ ਹੋਏ ਹਨ। ਇੰਨਾ ਗੁਰਬਾਣੀ ਨਾਲ ਪਿਆਰ, ਬਾਬਾ ਦੀਪ ਸਿੰਘ ਜੀ ਦਾ ਨਿਤਾਪ੍ਰਤੀ ਨਿਤਨੇਮ ਤੋਂ ਇਲਾਵਾ 101 ਪਾਠ ਜਪੁ ਜੀ ਸਾਹਿਬ ਦਾ ਰੋਜ਼ ਦਾ ਨੇਮ ਸੀ। ਇੰਨੀ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ। ਬਾਬਾ ਜੀ ਸਾਬੋ ਕੀ ਤਲਵੰਡੀ, ਭੋਰਾ ਸਾਹਿਬ ਵਿਖੇ ਕਈ-ਕਈ ਦਿਨ ਆਪਣੇ 'ਤੇ ਬੈਨ ਲਗਾ ਕੇ ਬੰਦਗੀ ਕਰਦੇ ਸਨ। ਅੱਜ ਵੀ ਉੱਥੇ ਉਹ ਦੋ ਗਾਗਰਾਂ ਮੌਜੂਦ ਹਨ, ਜਿਨ੍ਹਾਂ ਵਿੱਚ ਬਾਬਾ ਜੀ ਭੁੱਜੇ ਛੋਲੇ ਤੇ ਜਲ ਰੱਖਦੇ ਸਨ।

ਜਦੋਂ ਭੁੱਖ ਲੱਗਦੀ ਜਾਂ ਪਿਆਸ ਲੱਗਦੀ ਤੇ ਬਾਬਾ ਜੀ ਉਨ੍ਹਾਂ ਗਾਗਰਾਂ ਵਿੱਚੋਂ ਭੁੱਜੇ ਛੋਲੇ ਤੇ ਜਲ ਛਕ ਲੈਂਦੇ ਸਨ ਤੇ ਬਹੁਤ ਸਮਾਂ ਭੋਰਾ ਸਾਹਿਬ ਵਿਖੇ ਹੀ ਗੁਰਬਾਣੀ ਪੜ੍ਹਨੀ ਤੇ ਸਿਮਰਨ ਵਿੱਚ ਜੁੜਨਾ। ਆਪਣੇ ਆਪ ਨੂੰ ਗੁਰਬਾਣੀ ਅਨੁਸਾਰ ਇੰਨਾ ਢਾਲ ਲਿਆ ਸੀ ਕਿ ਜੇਕਰ ਕੋਈ ਜੰਗ ਜਿੱਤ ਕੇ ਵੀ ਆਉਣਾ ਤੇ ਆਪਣੇ ਨਾਲ ਵਾਲੇ ਜਰਨੈਲਾਂ ਨੂੰ ਕਹਿਣਾ ਕਿ ਗੁਰੂ ਸਾਹਿਬ ਨੇ ਕਿਰਪਾ ਦੇ ਘਰ ਵਿੱਚ ਆ ਕੇ ਜੰਗ ਫਤਹਿ ਕਰਵਾਈ ਹੈ। ਆਓ, ਸਾਰੇ ਰਲ ਕੇ 5-5 ਪਾਠ ਜਾਪੁ ਸਾਹਿਬ ਜੀ ਦੀ ਹਾਜ਼ਰੀ ਲਗਾਈਏ।

ਨਿਮਰਤਾ ਇੰਨੀ ਸੀ ਕਿ ਆਪਣੇ ਆਪ ਨੂੰ ਜਤਾਉਣਾ ਹੀ ਨਹੀਂ। ਕਈ ਜਰਨੈਲਾਂ ਦੇ ਨਾਮ ਤੇ ਅੰਮ੍ਰਿਤਸਰ ਵਿਖੇ ਚਾਰ-ਪੰਜ ਕਟੜੇ ਵੱਸੇ ਹਨ ਪਰ ਬਾਬਾ ਜੀ ਨੇ ਆਪਣੇ ਨਾਮ ਦਾ ਕਟੜਾ ਨਹੀਂ ਵਸਾਇਆ ਜੇਕਰ ਕਿਸੇ ਸਿੰਘ ਨੇ ਬਾਬਾ ਜੀ ਨੂੰ ਕਹਿਣਾ ਕਿ ਬਾਬਾ ਜੀ ਆਪ ਜੀ ਵੀ ਆਪਣੇ ਨਾਮ ਦਾ ਕਟੜਾ ਵਸਾਉ ਤਾਂ ਬਾਬਾ ਜੀ ਨੇ ਕਹਿਣਾ ਮੈਂ ਤਾਂ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਨਿਮਾਣਾ ਜਿਹਾ ਸਿੱਖ ਹਾਂ ਤੇ ਸਿੱਖ ਗੁਰੂ ਦੇ ਚਰਨਾਂ ਵਿੱਚ ਹੀ ਸੋਭਦਾ ਹੈ। ਜੇਕਰ ਕੋਈ ਪਰਉਪਕਾਰ ਗੁਰੂ ਸਾਹਿਬ ਜੀ ਨੇ ਕਰਵਾਇਆ ਹੈ ਤਾਂ ਗੁਰਬਾਣੀ ਦਾ ਨੇਮ ਵਧਾ ਕੇ ਗੁਰੂ ਸਾਹਿਬ ਨੂੰ ਵਡਿਆਈ ਦੇਣੀ।

ਬਾਬਾ ਦੀਪ ਸਿੰਘ ਜੀ ਦਾ ਗੁਰਬਾਣੀ ਨਾਲ ਇੰਨਾ ਪ੍ਰੇਮ ਸੀ ਕਿ ਆਪਣੇ ਸ਼ਸ਼ਤਰਾਂ ਤੇ ਵੀ ਬਾਬਾ ਜੀ ਨੇ ਗੁਰਬਾਣੀ ਲਿਖਵਾਈ ਹੋਈ ਸੀ ਅੱਜ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦਰਸ਼ਨ ਕਰਨ ਜਾਈਏ, ਸ਼ਾਮ ਨੂੰ ਰਹਰਾਸਿ ਸਾਹਿਬ ਜੀ ਦੇ ਪਾਠ ਤੋਂ ਬਾਅਦ ਸ਼ਸਤਰਾਂ ਦੇ ਦਰਸ਼ਨ ਕਰਵਾਏ ਜਾਂਦੇ ਹਨ। ਬਾਬਾ ਜੀ ਦਾ ਉੱਥੇ ਦਸਤਾਰ ਤੇ ਸਜਾਉਣ ਵਾਲਾ ਚੱਕਰ ਹੈ ਉਸ ਉੱਤੇ ਪਹਿਲੀ ਪਉੜੀ ਦਾ ਪਾਠ '੧ਓ ਤੋਂ ਨਾਨਕੁ ਹੋਸੀ ਭੀ ਸਚੁ' ਤੱਕ ਅੰਕਿਤ ਹੈ ਅਤੇ ਛੋਟੇ ਚੱਕਰ ਸਰਬ ਲੋਹੇ ਦੇ ਹੋਰ ਵੀ ਦਰਸ਼ਨ ਕਰਵਾਏ ਜਾਂਦੇ ਹਨ ਜਿੰਨਾਂ ਤੇ ਗੁਰਬਾਣੀ ਉਕਰੀ ਹੋਈ ਹੈ। ਇੰਨਾ ਗੁਰਬਾਣੀ ਨਾਲ ਪਿਆਰ ਸੀ ਕਿ ਬਾਬਾ ਜੀ ਆਪਣੇ ਸੀਸ 'ਤੇ ਵੀ ਗੁਰਬਾਣੀ ਰੱਖਦੇ ਸਨ। ਇੰਨਾ ਗੁਰਬਾਣੀ ਦਾ ਅਦਬ। ਇੰਨਾ ਗੁਰਬਾਣੀ ਦਾ ਭੈਅ।

ਬਾਬਾ ਜੀ ਲਿਖਣ ਭਗਤੀ ਵਿੱਚ ਵੀ ਪੂਰੇ ਸਨ ਉਸ ਸਮੇਂ ਪ੍ਰਿੰਟਿੰਗ ਪ੍ਰੈੱਸਾਂ ਤਾਂ ਨਹੀਂ ਹੁੰਦੀਆਂ ਸੀ ਤੇ ਇੰਨਾ ਪਿਆਰ ਗੁਰਬਾਣੀ ਨਾਲ ਕਰਦੇ ਸਨ ਕਿ ਬਾਬਾ ਜੀ ਨੇ ਕਈ ਪੋਥੀਆਂ, ਕਈ ਗੁਟਕੇ ਸਾਹਿਬ ਹੱਥੀਂ ਉਤਾਰੇ ਕਰਕੇ ਸੰਗਤ ਵਿੱਚ ਵੰਡੇ ਤਾਂ ਕਿ ਸੰਗਤਾਂ ਵੀ ਗੁਰਬਾਣੀ ਨਾਲ ਜੁੜ ਸਕਣ। ਇੱਥੋਂ ਤੱਕ ਅਦਬ ਗੁਰਬਾਣੀ ਦਾ ਕਿ ਬਾਬਾ ਜੀ ਜਦੋਂ ਹੱਥੀਂ ਸਰੂਪ ਲਿਖਦੇ ਸਨ ਤਾਂ ਪੂਰਨ ਸੁੱਚਮਤਾ ਨਾਲ ਕੇਸੀਂ ਇਸ਼ਨਾਨ ਕਰਕੇ, ਸਾਫ ਬਸਤਰ ਪਾ ਕੇ ਤੇ ਇੱਥੋਂ ਤੱਕ ਕਿ ਜਿਹੜੀਆਂ ਕਲਮਾਂ ਨਾਲ ਮਹਾਰਾਜ ਜੀ ਦਾ ਸਰੂਪ ਲਿਖਦੇ ਸਨ ਉਨ੍ਹਾਂ ਕਲਮਾਂ ਨੂੰ ਦੁਬਾਰਾ ਚਾਕੂ ਨਾਲ ਘੜਦੇ ਨਹੀਂ ਸਨ ਕਿ ਇਨ੍ਹਾਂ ਕਲਮਾਂ ਨਾਲ ਗੁਰਬਾਣੀ ਲਿਖੀ ਗਈ ਹੈ, ਇਸ ਲਈ ਇਨ੍ਹਾਂ ਨੂੰ ਚਾਕੂ ਲਗਾਉਣਾ ਯੋਗ ਨਹੀਂ। ਇੰਨਾ ਅਦਬ।

ਇੰਨਾ ਪਿਆਰ ਗੁਰਬਾਣੀ ਨਾਲ ਕਿ ਪੰਜ ਸਰੂਪਾਂ ਵਿੱਚੋਂ ਚਾਰ ਸਰੂਪਾਂ ਦੇ ਉਤਾਰੇ ਗੁਰਮੁਖੀ ਵਿੱਚ ਅਤੇ ਇੱਕ ਸਰੂਪ ਦਾ ਉਤਾਰਾ ਅਰਬੀ ਭਾਸ਼ਾ ਵਿੱਚ ਕੀਤਾ। ਅੱਜ ਵੀ ਇਹ ਚਾਰੇ ਸਰੂਪ, ਚਾਰ ਤਖ਼ਤ ਸਾਹਿਬਾਨ 'ਤੇ ਸੁਭਾਇਮਾਨ ਹਨ। ਇੱਕ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ, ਦੂਜਾ ਸਰੂਪ ਸ੍ਰੀ ਪਟਨਾ ਸਾਹਿਬ, ਤੀਜਾ ਸਰੂਪ ਸ੍ਰੀ ਹਜ਼ੂਰ ਸਾਹਿਬ ਤੇ ਚੌਥਾ ਸਰੂਪ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਹੈ। ਪੰਜਵਾਂ ਸਰੂਪ ਅਰਬੀ ਭਾਸ਼ਾ ਵਿੱਚ ਲਿਖ ਕੇ ਅਰਬ ਦੇਸ਼ ਭੇਜਣਾ ਕੀਤਾ ਤਾਂ ਜੋਂ ਉੱਥੋਂ ਦੀਆਂ ਸੰਗਤਾਂ ਵੀ ਗੁਰਬਾਣੀ ਨਾਲ ਜੁੜ ਸਕਣ।

❖❖❖

# ਇੱਕ ਪਰਵਾਸੀ ਮਜ਼ਦੂਰ ਦੀ ਬਾਬਾ ਜੀ ਦੇ ਦਰ ਪ੍ਰਤੀ ਸ਼ਰਧਾ ਭਾਵਨਾ

*—ਸ੍ਰ. ਰਾਜਿੰਦਰ ਸਿੰਘ ਰਾਣਾ, ਟਰੱਸਟੀ ਮੈਂਬਰ, ਬੀਬੀ ਕੌਲਾਂ ਜੀ ਸੀਨੀਅਰ ਸੈਕੰਡਰੀ ਸਕੂਲ (ਬ੍ਰਾਂਚ-2), ਨੇੜੇ ਗੁਰਦੁਆਰਾ ਟਾਹਲਾ ਸਾਹਿਬ, ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ।*

ਸਾਡੇ ਇੱਕ ਟਰੱਸਟੀ ਮੈਂਬਰ ਹਨ ਜਿਨ੍ਹਾਂ ਦਾ ਨਾਂ ਹੈ ਸ੍ਰ. ਰਾਜਿੰਦਰ ਸਿੰਘ ਜੀ ਰਾਣਾ। ਉਨ੍ਹਾਂ ਦੀ ਇੱਕ ਫੈਕਟਰੀ ਹੈ। ਉਨ੍ਹਾਂ ਨੇ ਆਪਣੀ ਫੈਕਟਰੀ ਵਿੱਚ ਮਿਸਤਰੀ ਤੇ ਮਜ਼ਦੂਰ ਲਗਾਏ। ਸ਼ਨੀਵਾਰ ਦਾ ਦਿਨ ਸੀ। ਧਿਆਨ ਦੇਣਾ। ਦਾਸ ਦੰਗ ਰਹਿ ਗਿਆ, ਸੁਣ ਕੇ। ਸ਼ਨੀਵਾਰ ਦਾ ਦਿਨ ਸੀ ਤੇ ਸ਼ਾਮ ਨੂੰ ਮਿਸਤਰੀ ਮਜ਼ਦੂਰਾਂ ਨੂੰ ਮਾਇਆ ਦਿੱਤੀ। ਜਿਹੜਾ ਮੁੱਖ ਮਿਸਤਰੀ ਸੀ, ਉਨਾਂ ਨੂੰ ਰਾਣਾ ਵੀਰ ਜੀ ਕਹਿਣ ਲੱਗੇ, ਖਲ੍ਹੇਰਾ ਕਾਫੀ ਹੈ ਉਸਾਰੀ ਕਰਕੇ ਫੈਕਟਰੀ ਦੇ ਕਈ ਕੰਮ ਰੁਕੇ ਹੋਏ ਹਨ ਤੇ ਕੱਲ੍ਹ ਐਤਵਾਰ ਹੈ ਸਵੇਰੇ ਟਾਈਮ ਸਿਰ ਆ ਜਾਣਾ ਤੇ ਕੰਮ ਖਿੱਚ ਦਿਓ, ਆ ਕੇ। ਮਿਸਤਰੀਆਂ ਨੂੰ ਕਹਿੰਦੇ ਹਨ, ਮੁੱਖ ਮਿਸਤਰੀ ਕੌਣ ਸੀ? ਪਰਵਾਸੀ ਮਜ਼ਦੂਰ। ਉਸ ਨੂੰ ਕਹਿਣ ਲੱਗੇ, ਕੱਲ੍ਹ ਟਾਈਮ ਸਿਰ ਆ ਜਾਣਾ। ਕੰਮ ਖਿੱਚਣਾ ਹੈ। ਉਹ ਪਰਵਾਸੀ ਮਜ਼ਦੂਰ ਅੱਗੋਂ ਹੱਥ ਜੋੜ ਕੇ ਕਹਿਣ ਲੱਗਾ, ਸਰਦਾਰ ਜੀ ਕੱਲ੍ਹ ਮੈਂ ਨਹੀਂ ਆਊਂਗਾ ਉਸਨੇ ਹਿੰਦੀ ਵਿੱਚ ਕਿਹਾ। ਉਹ ਬੜੇ ਹੈਰਾਨ ਹੋ ਗਏ, ਕੱਲ੍ਹ ਐਤਵਾਰ ਹੈ। ਤੂੰ ਕੱਲ੍ਹ ਕਿਉਂ ਨਹੀਂ ਆ ਸਕਦਾ? ਉਹ ਕਹਿਣ ਲੱਗਾ, ਕੱਲ੍ਹ ਮੈਂ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਦਰ ਤੇ ਚੁਪਹਿਰਾ ਕੱਟਣਾ ਹੈ। ਉਹ ਹੈਰਾਨ ਹੋ ਗਏ। ਹੈ ਪ੍ਰੇਮ ਵਾਲੇ ਹਨ। ਕਿੱਥੋਂ ਰੋਕਣ? ਉਹ ਕਹਿਣ ਲੱਗੇ, ਤੈਨੂੰ ਕੀ ਪਤਾ ਹੈ ਚੁਪਹਿਰੇ ਬਾਰੇ? ਉਹ ਪਰਵਾਸੀ ਮਜ਼ਦੂਰ ਕਹਿਣ ਲੱਗਾ, ਸਰਦਾਰ ਜੀ, ਮੇਰੇ ਪਰਿਵਾਰ ਪਰ ਬਹੁਤ ਬੜੀ ਮੁਸ਼ਕਿਲ ਆਈ ਥੀ ਕਿਸੀ ਸਿੱਖ ਭਾਈ ਨੇ ਮੁਝੇ ਕਹਾ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਦਰ ਤੇ ਚੁਪਹਿਰਾ ਕੱਟ, ਮੈਂਨੇ ਤੀਨ ਚੁਪਹਿਰੇ ਦੀਏ ਧੰਨ ਧੰਨ ਬਾਬਾ ਦੀਪ ਸਿੰਘ ਜੀ ਨੇ ਮੇਰੇ ਸਾਰੇ ਕਾਰਜ ਕਰ ਦਿੱਤੇ। ਅਬ ਮੈਂ 6 ਦਿਨ ਕਮਾਤਾ ਹੂੰ ਔਰ ਸਾਤਵਾਂ ਦਿਨ ਬਾਬਾ ਜੀ ਕੋ ਦੇਤਾ ਹੂੰ, ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਦਰ ਪਰ ਚੁਪਹਿਰਾ ਕਾਟਤਾ ਹੂੰ।

ਇਹ ਸੱਚਾਈ ਹੈ। ਦਾਸ ਕੋਲੋਂ ਐਡਰੈੱਸ ਲੈ ਸਕਦੇ ਹੋ, ਸਾਡੇ ਟਰੱਸਟੀ ਮੈਂਬਰ ਦਾ ਤੇ ਉਨ੍ਹਾਂ ਕੋਲੋਂ ਅੱਗੇ ਮਿਸਤਰੀ ਦਾ ਐਡਰੈੱਸ ਲੈ ਸਕਦੇ ਹੋ। ਇਹ ਵੇਖ ਕੇ ਕੀ ਕਹਾਂਗੇ, ਬਾਬਾ ਦੀਪ ਸਿੰਘ ਜੀ ਕੌਣ ਹਨ, ਇਕੱਲੀ ਸਿੱਖ ਦੀ ਹੀ ਬਾਂਹ ਨਹੀਂ ਫੜ੍ਹਦੇ ਸਗੋਂ ਜਿਹੜੇ ਮਰਜ਼ੀ ਧਰਮ ਦਾ ਆ ਜਾਏ, ਸਭ ਦੀ ਬਾਂਹ ਫੜ੍ਹਦੇ ਹਨ। ਬਾਬਾ ਜੀ ਕੌਣ ਹਨ:

***ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥***
***ਨਉ ਨਿਧਿ ਤੇਰੈ ਅਖੁਟ ਭੰਡਾਰਾ ॥***

*(ਅੰਗ ੯੭)*

***—ਦਾਸ ਭਾਈ ਗੁਰਇਕਬਾਲ ਸਿੰਘ***

❖❖❖

# ਵਡਿਆਈਆਂ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੀਆਂ

## ਅੰਮ੍ਰਿਤਸਰ ਦੇ ਸੀਨੀਅਰ ਡਾ. ਪਰਮਜੀਤ ਸਿੰਘ ਜੀ ਰਾਣਾ ਨਾਲ ਹੱਡ ਬੀਤੀ

ਅੰਮ੍ਰਿਤਸਰ ਵਿੱਚ ਇੱਕ ਕੱਪੜੇ ਦੀ ਮਿੱਲ ਹੈ, ਉਸ ਦਾ ਨਾਂ ਹੈ, ਅਬਿਚਲ ਟੈਕਸਟਾਈਲ ਮਿਲਜ਼। ਕੋਈ ਜਾਣਾ ਚਾਹਵੇ, ਹੋ ਆਵੇ। ਉਨ੍ਹਾਂ ਦਾ ਕੰਮ ਹੈ, ਪ੍ਰਿੰਟਿੰਗ ਦਾ ਕੱਪੜੇ ਉੱਤੇ ਡਿਜ਼ਾਇਨ ਪਾਉਣਾ, ਕੱਪੜੇ ਉੱਤੇ ਜੋ ਮਰਜ਼ੀ ਲਿਖਾਉਣਾ ਚਾਹੋ, ਉਸ ਵਾਸਤੇ ਉਨ੍ਹਾਂ ਨੇ ਡੇਢ-ਦੋ ਕਰੋੜ ਦੀ ਮਸ਼ੀਨ ਨਵੀਂ ਲਿਆਂਦੀ। ਦਾਸ ਨੂੰ ਕਹਿਣ ਲੱਗੇ, ਕੀਰਤਨ ਕਰੋ। ਪਿਆਰ ਵਾਲੇ ਸੀ। ਉਨ੍ਹਾਂ ਨੇ ਦੋ ਕਰੋੜ ਦੀ ਮਸ਼ੀਨ ਵਿੱਚ ਉੱਤੇ ਸਭ ਤੋਂ ਪਹਿਲਾਂ ਕੱਪੜੇ ਉੱਤੇ ਬਾਬਾ ਦੀਪ ਸਿੰਘ ਜੀ ਦਾ ਸਰੂਪ ਛਾਪਿਆ। ਜਦੋਂ ਦਾਸ ਨੇ ਕੀਰਤਨ ਕੀਤਾ, ਦਾਸ ਨੂੰ ਜਾਣਕਾਰੀ ਸੀ, ਪਰਿਵਾਰ ਬਾਰੇ ਕਿ ਬਾਬਾ ਜੀ ਦੇ ਭਗਤ ਹਨ। ਬਾਬਾ ਦੀਪ ਸਿੰਘ ਜੀ ਤੇ ਸ਼ਰਧਾ ਹੈ। ਉੱਥੇ ਘੰਟਾ ਕੀਰਤਨ ਕੀਤਾ ਤੇ ਸਾਰਾ ਕੀਰਤਨ ਹੀ ਬਾਬਾ ਦੀਪ ਸਿੰਘ ਜੀ ਦੀਆਂ ਵਡਿਆਈਆਂ ਉੱਤੇ। ਜਦੋਂ ਸਮਾਪਤੀ ਹੋ ਗਈ, ਅਰਦਾਸ ਹੋ ਗਈ, ਹੁਕਮਨਾਮਾ ਹੋ ਗਿਆ, ਦੇਗ ਵੀ ਵਰਤ ਗਈ। ਦਾਸ ਤੋਂ ਛੇ ਇੰਚ ਲੰਬਾ ਇੱਕ ਸਰੀਰ ਦਾਸ ਕੋਲ ਆਇਆ ਤੇ ਕਹਿਣ ਲੱਗਾ, ਭਾਈ ਸਾਹਿਬ ਜ਼ਰਾ ਸਾਈਡ ਤੇ ਆ ਜਾਓ। ਸਾਡਾ ਰੋਜ਼ ਦਾ ਹੀ ਕੰਮ ਹੈ। ਦਾਸ ਨੇ ਸੋਚਿਆ ਲੱਗਦਾ ਇਸ ਨੂੰ ਕੀਰਤਨ ਦੌਰਾਨ ਕੋਈ ਗੱਲ ਚੰਗੀ ਨਹੀਂ ਲੱਗੀ ਹੋਣੀ। ਤਾਂ ਹੀ ਕਹਿ ਰਿਹਾ ਹੈ, ਸਾਈਡ ਤੇ ਆ ਜਾਓ। ਕੋਈ ਪ੍ਰੇਮ ਵਾਲੀ ਗਲ ਨਹੀਂ ਚੰਗੀ ਲੱਗੀ ਹੋਣੀ। ਕਈ ਵਾਰ ਬਰਦਾਸ਼ਤ ਨਹੀਂ ਹੁੰਦੀ ਕਈਆਂ ਨੂੰ। ਦਾਸ ਸਾਈਡ ਤੇ ਆ ਗਿਆ ਤੇ ਦਾਸ ਨੂੰ ਕਹਿਣ ਲੱਗਾ, ਕੀ ਤੁਸੀਂ ਮੈਨੂੰ ਜਾਣਦੇ ਹੋ? ਦਾਸ ਨੇ ਕਿਹਾ, ਨਹੀਂ। ਕਹਿਣ ਲੱਗਾ, ਮੈਂ ਅੰਮ੍ਰਿਤਸਰ ਵਿੱਚ ਡਾਕਟਰ ਹਾਂ, ਪਰਮਜੀਤ ਸਿੰਘ ਰਾਣਾ। ਦਾਸ ਨੇ ਡਾਕਟਰ ਦਾ ਨਾਮ ਤਾਂ ਲਿਆ ਹੈ, ਪੁੱਛ ਲਇਓ ਜਾ ਕੇ। ਕਹਿਣ ਲੱਗਾ, ਮੈਂ ਅੰਮ੍ਰਿਤਸਰ ਦਾ ਵੱਡਾ ਡਾਕਟਰ ਹਾਂ ਤੇ ਮੈਂ ਅਪਰੇਸ਼ਨ ਕਰਦਾ ਹਾਂ। ਕਹਿਣ ਲੱਗਾ, ਤੁਸੀਂ ਬਾਬਾ ਜੀ ਦੇ ਬਚਨ ਸੁਣਾਏ ਹਨ। ਇਨ੍ਹਾਂ ਵਿੱਚੋਂ 20-25 ਚਾਂਸ ਮੇਰੀਆਂ ਅੱਖਾਂ ਸਾਹਮਣੇ ਹੋਏ ਹਨ ਪਰ ਮੈਂ ਤੁਹਾਨੂੰ ਇੱਕ ਹੀ ਸੁਣਾਵਾਂਗਾ। ਦਾਸ ਦਾ ਸਿਰ ਝੁਕਿਆ, ਬਾਬਾ ਜੀ ਦੇ ਚਰਨਾਂ ਵਿੱਚ। ਦਾਸ ਨੇ ਬਾਬਾ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, ਬਾਬਾ ਜੀ, ਮੈਂ ਸਮਝਦਾ ਸਾਂ ਕਿ ਕੋਈ ਗਲਤੀ ਲੱਭੇਗਾ ਪਰ ਇਹ ਤਾਂ ਆਪਣਾ ਹੀ ਭਰਾ ਨਿਕਲਿਆ ਹੈ। ਇਹ ਵੀ ਤੁਹਾਡਾ ਹੀ ਭਗਤ ਹੈ।

ਉਸ ਡਾਕਟਰ ਨੇ ਬਚਨ ਸੁਣਾਇਆ। ਕਹਿਣ ਲੱਗਾ, ਕੋਈ 50-55 ਸਾਲ ਦੀ ਮਾਤਾ, ਉਸ ਦੀ ਛਾਤੀ ਵਿੱਚ ਗਿਲਟੀਆਂ ਹੋ ਗਈਆਂ। ਐਕਸਰਾ ਕਰਵਾਇਆ ਤੇ ਐਕਸਰੇ ਵਿੱਚ ਗਿਲਟੀਆਂ ਨਿਕਲੀਆਂ ਤੇ ਮੈਂ ਮਾਤਾ ਨੂੰ ਕਿਹਾ ਕਿ ਅਪਰੇਸ਼ਨ

ਹੋਣਾ ਹੈ। ਉਹ ਮਾਤਾ ਅੱਗੋਂ ਕਹਿਣ ਲੱਗੀ, ਕਿੰਨੇ ਕੁ ਪੈਸੇ ਲੱਗਣਗੇ? ਮੈਂ ਆਖਿਆ, 20 ਕੁ ਹਜ਼ਾਰ ਲੱਗੇਗਾ। ਜੇ ਤੁਸੀਂ ਕਰਵਾਉਣਾ ਹੈ ਤੇ 10 ਹਜ਼ਾਰ ਐਡਵਾਂਸ ਤੇ 10 ਹਜ਼ਾਰ ਅਪਰੇਸ਼ਨ ਤੋਂ ਬਾਅਦ ਜਮ੍ਹਾਂ ਕਰਵਾਉਣਾ ਹੈ। ਡਾਕਟਰ ਕਹਿਣ ਲੱਗਾ, ਮਾਤਾ ਜੀ ਨੇ 10 ਹਜ਼ਾਰ ਦੇ ਦਿੱਤਾ ਤੇ ਮੈਂ ਕੁਝ ਦਵਾਈਆਂ ਦੇ ਦਿੱਤੀਆਂ ਤੇ ਅਪਰੇਸ਼ਨ ਦੀ ਡੇਟ ਦੇ ਦਿੱਤੀ ਕਿ ਤਿੰਨ ਦਿਨ ਤੱਕ ਅਪਰੇਸ਼ਨ ਹੋ ਜਾਵੇਗਾ। ਡਾਕਟਰ ਦਾਸ ਨੂੰ ਬਚਨ ਸੁਣਾ ਰਿਹਾ ਹੈ, ਕਹਿਣ ਲੱਗਾ, ਮੈਨੂੰ ਦੋ ਦਿਨ ਬਾਅਦ ਇਕ ਦਮ ਬਾਹਰ ਜਾਣਾ ਪੈ ਗਿਆ। ਵਿਦੇਸ਼ ਵਿੱਚ ਜਾਣਾ ਪੈ ਗਿਆ। ਮੈਂ ਮਾਤਾ ਨੂੰ ਫੋਨ ਕੀਤਾ, ਮੈਂ ਦਸ ਦਿਨ ਲਈ ਵਿਦੇਸ਼ ਜਾ ਰਿਹਾ ਹਾਂ ਤੇ ਗਿਲਟੀ ਦਾ ਅਪਰੇਸ਼ਨ ਇਹੋ ਜਿਹਾ ਹੁੰਦਾ ਹੈ ਕਿ ਇਹ ਅਪਰੇਸ਼ਨ ਹਫਤਾ ਦਸ ਦਿਨ ਅੱਗੇ ਪਿੱਛੇ ਵੀ ਹੋ ਸਕਦਾ ਹੈ ਤੇ ਮੈਂ ਵਿਦੇਸ਼ ਤੋਂ ਆ ਕੇ ਅਪਰੇਸ਼ਨ ਕਰਾਂਗਾ।

ਸੰਗਤ ਜੀ, ਇਹ ਡਾਕਟਰ ਨੇ ਬਚਨ ਸੁਣਾਇਆ। ਉਹ ਮਾਤਾ ਗੁਰਦੁਆਰਾ ਸ਼ਹੀਦਾਂ ਸਾਹਿਬ, ਬਾਬਾ ਦੀਪ ਸਿੰਘ ਜੀ ਦੇ ਦਰ ਤੇ, ਚਾਟੀਵਿੰਡ ਚੌਂਕ ਬੈਠੀ ਹੋਈ। ਉਸ ਦੀ ਇੱਕ ਸਹੇਲੀ ਜੋ ਗੁਰਮੁਖ ਸੀ, ਉਹ ਉੱਥੇ ਮਿਲ ਗਈ ਤੇ ਉਸ ਨੇ ਪੁੱਛ ਲਿਆ, ਬੜੀ ਉਦਾਸ ਬੈਠੀ ਹੈਂ। ਮਾਤਾ ਕਹਿਣ ਲੱਗੀ, ਮੇਰਾ ਕੱਲ੍ਹ ਅਪਰੇਸ਼ਨ ਸੀ, ਡਾਕਟਰ ਨੂੰ ਬਾਹਰ ਜਾਣਾ ਪੈ ਗਿਆ। ਛਾਤੀ ਵਿੱਚ ਗਿਲਟੀਆਂ ਹਨ ਤੇ ਹੁਣ ਅਪਰੇਸ਼ਨ 15 ਦਿਨਾਂ ਬਾਅਦ ਹੋਵੇਗਾ, ਜਦੋਂ ਡਾਕਟਰ ਵਾਪਸ ਆਵੇਗਾ। ਅੱਗੋਂ ਗੁਰਮੁਖ ਸਹੇਲੀ ਕਹਿਣ ਲੱਗੀ, ਤੈਨੂੰ ਤਾਂ 15 ਦਿਨ ਦਾ ਸਮਾਂ ਮਿਲ ਗਿਆ ਹੈ। ਤੂੰ 15 ਦਿਨ ਬਾਬਾ ਦੀਪ ਸਿੰਘ ਜੀ ਦੇ ਦਰ ਬੈਠ ਕੇ ਹਾਜ਼ਰੀ ਲਗਾ। ਕਹਿਣ ਲੱਗੀ, ਕੀ ਕਰਾਂ? ਉਹ ਸਹੇਲੀ ਕਹਿਣ ਲੱਗੀ, ਤੂੰ ਬਾਬਾ ਜੀ ਦੇ ਦਰ ਤੇ ਬੈਠ ਕੇ ਦੋ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੇ ਰੋਜ਼ ਕਰ। ਦੂਜਾ ਗੁਰਮੁਖ ਸਹੇਲੀ ਨੇ ਕੀ ਕਿਹਾ ਕਿ ਜਿਹੜੀ ਜੋਤ ਬਾਬਾ ਜੀ ਦੇ ਦਰ ਤੇ ਜਗਦੀ ਹੈ, ਸ਼ਰਧਾ ਵਾਲਿਆਂ ਵਾਸਤੇ ਬੜਾ ਕੁਝ ਹੈ। ਜੋਤ ਵਿੱਚੋਂ ਘਿਓ ਲੈ ਕੇ ਉਸ ਗਿਲਟੀ ਵਾਲੀ ਜਗ੍ਹਾ ਤੇ ਮੱਲਣਾ ਹੈ ਜਿੱਥੇ ਮੁਸ਼ਕਲ ਹੈ। ਰੋਜ਼ ਅਰਦਾਸ ਕਰਨੀ ਹੈ, ਦੇਗ ਲੈ ਕੇ ਤੇ ਬੇਨਤੀ ਕਰਨੀ ਹੈ, ਬਾਬਾ ਜੀ 15 ਦਿਨ ਬਾਅਦ ਅਪਰੇਸ਼ਨ ਹੈ ਤੇ ਠੀਕ-ਠਾਕ ਹੋ ਜਾਵੇ। ਉਸ ਨੇ ਹਾਜ਼ਰੀ ਲਗਾਉਣੀ ਸ਼ੁਰੂ ਕਰ ਦਿੱਤੀ। ਉਸੇ ਤਰ੍ਹਾਂ ਜੋਤ ਦੇ ਘਿਓ ਦੀ ਹਾਜ਼ਰੀ ਲਗਾਉਣੀ ਹੈ, ਸ਼ਰਧਾ ਨਾਲ ਤੇ ਨਾਲ ਦੋ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੇ ਰੋਜ਼ ਕਰਨੇ, ਨਾਲ ਦੇਗ ਲੈ ਕੇ ਅਰਦਾਸ ਕਰਨੀ।

ਬਾਬਾ ਜੀ ਦੇ ਘਰ ਵਿੱਚ ਇੰਨੀ ਸ਼ਰਧਾ ਰੱਖਣਾ, ਇਨ੍ਹਾਂ ਚੀਜ਼ਾਂ ਤੇ ਕਿੰਤੂ ਪਰੰਤੂ ਨਾ ਕਰਨਾ, ਬਾਬਾ ਜੀ ਦੀ ਜੋਤ ਤੇ। ਦਾਸ ਨੇ ਖੁਦ ਮਹਾਂਪੁਰਸ਼ਾਂ ਤੋਂ ਸੁਣਿਆ ਹੈ, ਜੁੜੇ ਹੋਇਆਂ ਤੋਂ। ਕਹਿੰਦੇ ਸਨ, ਬਾਬਾ ਦੀਪ ਸਿੰਘ ਜੀ ਦੇ ਦਰ ਤੇ, ਸ਼ਹੀਦ ਸਿੰਘਾਂ ਦੇ ਦਰ ਤੇ ਜਿਹੜੀ ਵੀ ਜੋਤ ਜਗਦੀ ਹੋਵੇ, ਉਸ ਦੇ ਆਸੇ ਪਾਸੇ ਸ਼ਹੀਦੀ ਫੌਜਾਂ ਦਾ ਪਹਿਰਾ ਹੁੰਦਾ ਹੈ। ਦੂਜਾ ਦੱਸਿਆ ਸੀ, ਮਹਾਂਪੁਰਸ਼ਾਂ ਨੇ, ਜੋਤ ਦੇ ਕੋਲ ਗੁਪਤ ਸ਼ਹੀਦ ਰੂਹਾਂ ਦਾ ਪਹਿਰਾ ਹੁੰਦਾ ਹੈ, ਕੰਮ ਉਹ ਕਰਦੀਆਂ ਹਨ।

ਮਹਾਂਪੁਰਸ਼ਾਂ ਨੇ ਇਹ ਵੀ ਦੱਸਿਆ ਸੀ ਕਿ ਨਿਸ਼ਾਨ ਸਾਹਿਬ ਨੂੰ ਨਮਸਕਾਰ ਜ਼ਰੂਰ ਕਰਿਆ ਕਰੋ। ਕੋਈ ਕਿੰਤੂ ਕਰਦਾ ਹੈ, ਕਰੀ ਜਾਵੇ, ਕੋਈ ਗੱਲ ਨਹੀਂ ਪਰ ਮੱਥਾ ਟੇਕਿਆ ਕਰੋ। ਉਹ ਕਿਉਂ? ਜਿੱਥੇ ਨਿਸ਼ਾਨ ਸਾਹਿਬ ਗੁਰੂ ਘਰ ਵਿੱਚ ਹੈ, ਉੱਥੇ ਵੀ ਸ਼ਹੀਦੀ ਫੌਜਾਂ ਦਾ ਵੀ ਗੁਪਤ ਪਹਿਰਾ ਹੁੰਦਾ ਹੈ। ਇਹ ਚੀਜ਼ਾਂ ਸੰਗਤ ਵਿੱਚੋਂ ਲੱਭਣਗੀਆਂ, ਬਾਹਰੋਂ ਨਹੀਂ ਲੱਭਣੀਆਂ। ਸ਼ਰਧਾ ਸਿੱਖੀ ਦਾ ਮੁੱਢ ਹੈ। ਜੇ ਸ਼ਰਧਾ ਹੀ ਨਹੀਂ ਤੇ ਕੁਝ ਵੀ ਨਹੀਂ। ਸ਼ਰਧਾ ਰੱਖੋ, ਜੋਤ ਤੇ।

ਸ਼ਰਧਾ ਰੱਖੋ, ਨਿਸ਼ਾਨ ਸਾਹਿਬ ਤੇ।

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥***
*(ਤ੍ਵ ਪ੍ਰਸਾਦਿ ਸ੍ਵਯੇ)*

ਉਹ ਮਾਤਾ ਰੋਜ਼ ਹਾਜ਼ਰੀ ਲਗਾ ਰਹੀ ਹੈ। ਡਾਕਟਰ ਨੇ ਦਾਸ ਨੂੰ ਬਚਨ ਸੁਣਾਇਆ, ਮੈਂ ਬਾਹਰੋਂ ਆਇਆ ਤੇ ਮਾਤਾ ਨੂੰ ਬੁਲਾ ਲਿਆ ਕਿ ਇਹ ਐਕਸ-ਰੇ ਦੁਬਾਰਾ ਕਰਵਾ ਕੇ ਲਿਆਓ। ਤੁਹਾਡਾ ਕੱਲ੍ਹ ਅਪਰੇਸ਼ਨ ਕਰਨਾ ਹੈ। ਇਹ ਡਾਕਟਰ ਸੁਣਾ ਰਿਹਾ ਹੈ, ਸਾਡੀ ਥਿਊਰੀ ਹੈ, ਅਪਰੇਸ਼ਨ ਜਦੋਂ ਵੀ ਕਰਨਾ ਹੈ, ਦੁਬਾਰਾ ਐਕਸ-ਰੇ ਕਰਵਾਉਂਦੇ ਹਾਂ, ਗਿਲਟੀ ਵੱਡੀ ਹੋਈ ਜਾਂ ਛੋਟੀ ਹੋਈ ਹੈ ਜਾਂ ਆਪਣੀ ਜਗ੍ਹਾ ਤੋਂ ਹਿਲ ਜੁੱਲ ਹੋ ਗਈ ਹੈ, ਉਸ ਹਿਸਾਬ ਨਾਲ ਅਪਰੇਸ਼ਨ ਕਰਨਾ ਹੁੰਦਾ ਹੈ। ਡਾਕਟਰ ਕਹਿਣ ਲੱਗਾ, ਅਸੀਂ ਦੁਬਾਰਾ ਐਕਸ-ਰੇ ਕਰਵਾ ਕੇ ਮਾਤਾ ਨੂੰ ਬੁਲਾ ਲਿਆ। ਮਾਤਾ ਸਟਰੈਚਰ ਤੇ ਲੰਮੇ ਪੈ ਗਈ। ਉਹ ਅਪਰੇਸ਼ਨ ਲਈ ਲੈ ਕੇ ਚਲੇ। ਡਾਕਟਰ ਪਰਮਜੀਤ ਸਿੰਘ ਰਾਣਾ ਕਹਿਣ ਲੱਗੇ, ਜਿਹੜਾ ਨਵਾਂ ਐਕਸ-ਰੇ ਕਰਵਾਇਆ ਹੈ ਉਹ ਦਿਖਾਓ। ਜਦੋਂ ਮੈਂ ਐਕਸ-ਰੇ ਵੇਖਿਆ, ਜਿਹੜਾ ਮਾਤਾ ਨੇ ਨਵਾਂ ਕਰਵਾਇਆ ਸੀ। ਕਦੀ ਉਲਟਾ ਕਰਾਂ, ਕਦੀ ਸਿੱਧਾ ਕਰਾਂ। ਗਿਲਟੀ ਨਜ਼ਰ ਹੀ ਨਹੀਂ ਆ ਰਹੀ। ਅਸੀਂ ਕਿਹਾ, ਘੰਟਾ ਰੋਕ ਕੇ ਦੁਬਾਰਾ ਐਕਸ-ਰੇ ਕਰਵਾਓ। ਪਤਾ ਨਹੀਂ, ਗਲਤ ਹੋ ਸਕਦਾ ਹੈ। ਜਿਹੜਾ ਦੁਬਾਰਾ ਕਰਵਾਇਆ, ਉਸ ਵਿੱਚ ਵੀ ਗਿਲਟੀ ਨਜ਼ਰ ਨਾ ਆਵੇ। ਮੈਂ ਮਾਤਾ ਨੂੰ ਕਿਹਾ, 15 ਦਿਨ ਪਹਿਲਾਂ ਜਿਹੜਾ ਐਕਸ-ਰੇ ਕਰਵਾਇਆ ਸੀ, ਕੀ ਉਹ ਨਾਲ ਲਿਆਂਦਾ ਹੈ? ਕਹਿਣ ਲੱਗੀ, ਹਾਂ ਜੀ ਲਿਆਂਦਾ ਹੈ। ਸਟੈਰਚਰ ਦੇ ਨਾਲ ਉੱਪਰ ਇੱਕ ਘੁੰਡੀ ਤੇ ਲਿਫਾਫਾ ਟੰਗਿਆ ਪਿਆ ਸੀ। ਉਸ ਵਿੱਚੋਂ ਪੁਰਾਣਾ ਐਕਸਰਾ ਦੇਖਿਆ ਤੇ ਉਸ ਵਿੱਚ ਗਿਲਟੀ ਹੈ ਤੇ ਨਵੇਂ ਵਿੱਚ ਹੈ ਨਹੀਂ।

ਮੈਂ ਮਾਤਾ ਨੂੰ ਸਟਰੈਚਰ ਤੇ ਲੰਮੇ ਪਿਆ ਪਿਆ ਕਿਹਾ, ਮਾਤਾ ਜੀ 15 ਦਿਨ ਕੀ ਕਰਦੇ ਰਹੇ ਹੋ? 15 ਦਿਨ ਕੀ ਕੀਤਾ ਹੈ, ਕਹਿਣ ਲੱਗੀ, ਪੁੱਤਰ, ਮੈਨੂੰ ਇੱਕ ਗੁਰਮੁਖ ਸਹੇਲੀ ਮਿਲੀ ਸੀ। ਉਹ ਕਹਿਣ ਲੱਗੀ, ਦੋ ਪਾਠ ਸ੍ਰੀ ਸੁਖਮਨੀ ਸਾਹਿਬ ਤੇ ਜੋਤ ਦੀ ਹਾਜ਼ਰੀ ਸ਼ਰਧਾ ਨਾਲ ਲਗਾਉਣਾ ਤੇ ਰੋਜ਼ ਕੜਾਹ ਪ੍ਰਸ਼ਾਦਿ ਕਰਵਾ ਕੇ ਅਰਦਾਸ ਕਰੀ ਜਾਓ। ਅਰਦਾਸ ਵਿੱਚ ਕਹਿਣਾ ਹੈ, ਧੰਨ ਧੰਨ ਬਾਬਾ ਦੀਪ ਸਿੰਘ ਜੀ ਮੇਰਾ ਅਪਰੇਸ਼ਨ ਠੀਕ-ਠਾਕ ਹੋ ਜਾਵੇ। ਇਹੋ ਜਿਹੇ ਡਾਕਟਰ ਹੋਣੇ ਚਾਹੀਦੇ ਹਨ। ਜੇ ਡਾਕਟਰ ਚਾਹੁੰਦਾ ਤਾਂ ਆਪਣੀ ਮਾਇਆ ਬਣਾ ਸਕਦਾ ਸੀ ਪਰ ਜੋ ਸੱਚ ਸੀ, ਉਸ ਨੇ ਕਹਿ ਦਿੱਤਾ, ਮਾਤਾ ਜੀ ਬਾਬਾ ਜੀ ਤਾਂ ਤੁਹਾਡੇ ਤੇ ਜ਼ਿਆਦਾ ਦਿਆਲੂ ਹੋ ਗਏ ਹਨ। ਬਾਬਾ ਦੀਪ ਸਿੰਘ ਜੀ ਤੇਰੇ ਤੇ ਜ਼ਿਆਦਾ ਦਿਆਲੂ ਹੋ ਗਏ ਹਨ। ਤੇਰਾ ਅਪਰੇਸ਼ਨ ਹੀ ਨਹੀਂ ਹੋਣਾ। ਉਹ ਘਬਰਾ ਗਈ। ਹੁਣ ਅੱਜ ਕੀ ਪਰਾਬਲਮ ਆ ਗਈ? ਪੁੱਛਣ ਲੱਗੀ ਡਾਕਟਰ ਸਾਹਿਬ ਹੁਣ ਕੀ ਹੋਇਆ? ਕੀ ਪਰਾਬਲਮ ਆਈ ਹੈ। ਮਾਤਾ ਜੀ ਤੁਸੀਂ 15 ਦਿਨ ਬਾਬਾ ਦੀਪ ਸਿੰਘ ਜੀ ਦੇ ਦਰ ਤੇ ਅਰਦਾਸ ਕਰਦੇ ਰਹੇ ਕਿ ਅਪਰੇਸ਼ਨ ਠੀਕ-ਠਾਕ ਹੋ ਜਾਵੇ ਪਰ ਬਾਬਾ ਦੀਪ ਸਿੰਘ ਜੀ ਜ਼ਿਆਦਾ ਦਿਆਲੂ ਹੋ ਗਏ। ਬਾਬਾ ਜੀ ਕਹਿੰਦੇ ਅਪਰੇਸ਼ਨ ਹੋਣ ਹੀ ਨਹੀਂ ਦੇਣਾ। ਅਕਾਉਂਟੈਂਟ ਨੂੰ ਇਸ਼ਾਰਾ ਕੀਤਾ, 10 ਹਜ਼ਾਰ ਲਿਆਓ। ਇਹੋ ਜਿਹੇ ਡਾਕਟਰ ਨਹੀਂ ਲੱਭਦੇ। ਉਹ 10 ਹਜ਼ਾਰ ਵਾਪਸ ਮਾਤਾ ਜੀ ਦੀ ਤਲੀ ਤੇ ਰੱਖੇ ਤੇ ਆਖਿਆ ਇਹ ਬਾਬਾ ਜੀ ਦੀ ਲੀਲਾ ਬਾਬਾ ਜੀ ਹੀ ਜਾਣਨ। ਜਿਹੜਾ 15 ਦਿਨ ਦਰਗਾਹੀ ਦਵਾਈ ਖਾਂਦੇ ਰਹੇ ਹੋ। ਜਿਹੜਾ ਪੰਦਰਾਂ ਦਿਨ ਦੋ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੀ ਹਾਜ਼ਰੀ ਲਗਾਉਂਦੇ ਰਹੇ ਹੋ। ਜੋਤ ਦੀ ਹਾਜ਼ਰੀ, ਦੇਗ ਲੈ ਕੇ ਅਰਦਾਸ ਕਰਦੇ

ਰਹੇ। ਉਹ ਸਾਰੀਆਂ ਗਿਲਟੀਆਂ ਅੰਦਰ ਹੀ ਘੁੱਲ ਗਈਆਂ ਹਨ। ਹੁਣ ਤੁਹਾਡਾ ਅਪਰੇਸ਼ਨ ਕਰਨ ਦੀ ਲੋੜ ਨਹੀਂ, ਬਾਬਾ ਜੀ ਜ਼ਿਆਦਾ ਦਿਆਲੂ ਹੋ ਗਏ। ਤੁਸੀਂ ਅਰਦਾਸ ਕਰਦੇ ਰਹੇ, ਅਪਰੇਸ਼ਨ ਠੀਕ ਠਾਕ ਹੋ ਜਾਵੇ। ਬਾਬਾ ਜੀ ਦੀ ਮੌਜ ਦੀ ਕੀ ਗੱਲ ਹੈ, ਬਾਬਾ ਜੀ ਕਹਿੰਦੇ, ਅਪਰੇਸ਼ਨ ਹੋਣ ਹੀ ਨਹੀਂ ਦੇਣਾ। ਇੰਨੀ ਬਾਬਾ ਜੀ ਦੀ ਕਮਾਈ ਤੇ ਉਨ੍ਹਾਂ ਦੇ ਚਰਨਾਂ ਵਿੱਚ ਕੀਤੀ ਅਰਦਾਸ ਵਿੱਚ ਇੰਨੀ ਤਾਕਤ ਹੈ। ਪਿਆਰ ਨਾਲ ਸਾਰੇ ਆਖੋ:

***ਧੰਨ ਧੰਨ ਬਾਬਾ ਦੀਪ ਸਿੰਘ ਜੀ।***

---

# ਦਰਗਾਹੀ ਕੁੰਜੀਆਂ ਦੇ ਮਾਲਕ ਧੰਨ ਧੰਨ ਬਾਬਾ ਦੀਪ ਸਿੰਘ ਜੀ

ਅੱਜ ਦੇਖੋ, ਲੱਖਾਂ ਸੰਗਤਾਂ ਹਰ ਐਤਵਾਰ ਬਾਬਾ ਦੀਪ ਸਿੰਘ ਜੀ ਦੇ ਦਰ ਤੇ ਚੁਪਹਿਰਾ ਕੱਟਦੀਆਂ ਹਨ। ਬੇਅੰਤ ਚੁਪਹਿਰੇ ਦੀ ਮਹਾਨਤਾ ਹੈ। ਚਾਟੀਵਿੰਡ ਚੌਂਕ, ਬਾਬਾ ਦੀਪ ਸਿੰਘ ਜੀ ਦੇ ਦਰ ਤੇ ਹਰ ਐਤਵਾਰ ਚੁਪਹਿਰਾ ਹੁੰਦਾ ਹੈ ਤੇ ਤਕਰੀਬਨ ਤਿੰਨ ਲੱਖ ਬੰਦਾ ਚੁਪਹਿਰਾ ਸਾਹਿਬ ਕੱਟਦਾ ਹੈ। ਤਿੰਨ ਲੱਖ ਵਿੱਚੋਂ ਅਨੇਕਾਂ ਸੰਗਤਾਂ ਖਲ੍ਹੋ ਕੇ ਤੇ ਅਨੇਕਾਂ ਸੰਗਤਾਂ ਬਾਹਰ ਸੜਕ ਤੇ ਬੈਠ ਕੇ ਚੁਪਹਿਰਾ ਸਾਹਿਬ ਕੱਟਦੀਆਂ ਹਨ ਕਿਉਂਕਿ ਅੰਦਰ ਜਗ੍ਹਾ ਹੀ ਨਹੀਂ ਹੁੰਦੀ ਬੈਠਣ ਦੀ। ਤਿਲ ਸੁੱਟਣ ਦੀ ਜਗ੍ਹਾ ਨਹੀਂ। ਇੰਨੀ ਬਾਬਾ ਜੀ ਕਿਰਪਾ ਕਰ ਰਹੇ ਹਨ। ਬਾਬਾ ਜੀ ਵਰਤ ਰਹੇ ਹਨ।

ਇਹ ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ, ਕੁਝ ਦਿਨ ਪਹਿਲਾਂ ਅੰਮ੍ਰਿਤਸਰ ਭਲਾਈ ਕੇਂਦਰ ਜੈਪੁਰ ਤੋਂ ਸੰਗਤ ਆਈ। ਅੱਠ ਨੌਂ ਸਰੀਰ, ਜੈਪੁਰ ਤੋਂ। ਚਾਹ-ਪਾਣੀ ਛਕਾਇਆ। ਦਾਸ ਨੇ ਪੁੱਛਿਆ, ਕਿਵੇਂ ਆਏ? ਕਹਿਣ ਲੱਗੇ, ਬਾਬਾ ਦੀਪ ਸਿੰਘ ਜੀ ਦੇ ਦਰ ਤੇ ਪੰਜ ਚੁਪਹਿਰੇ ਕੱਟੇ ਸੀ। ਬਾਬਾ ਜੀ ਨੇ ਕੰਮ ਫਤਹਿ ਕਰ ਦਿੱਤਾ। ਜਿਹੜਾ ਦੁੱਖ ਸੀ, ਖਤਮ ਹੋ ਗਿਆ ਹੈ। ਅੱਜ ਛੇਵਾਂ ਚੁਪਹਿਰਾ ਸ਼ੁਕਰਾਨੇ ਦਾ ਕੱਟਣ ਆਏ ਹਾਂ। ਉਸ ਤੋਂ ਬਾਅਦ ਜੋਧਪੁਰ ਤੋਂ ਪੰਜ ਛੇ ਸਰੀਰ ਆਏ। ਦਾਸ ਨੇ ਪੁੱਛਿਆ ਕਿੱਧਰ ਆਏ ਹੋ? ਕਹਿਣ ਲੱਗੇ, ਚੁਪਹਿਰਾ ਕੱਟਣ ਆਏ ਹਾਂ। ਦਾਸ ਦਾ ਮਨ ਬੜਾ ਖੁਸ਼। ਦਾਸ ਨੇ ਸੋਚਿਆ, ਬਾਬਾ ਦੀਪ ਸਿੰਘ ਜੀ ਨੇ ਕਿੱਥੇ ਕਮਾਈਆਂ ਕੀਤੀਆਂ ਹਨ। ਜਿਹੜਾ ਜਿਹੜਾ ਵੀ ਤੁਹਾਡੇ ਦਰ ਤੇ ਚੁਪਹਿਰਾ ਕੱਟ ਕੇ ਅਰਦਾਸਾਂ ਕਰਦਾ ਹੈ, ਇੰਝ ਲੱਗਦਾ ਹੈ, ਬਾਬਾ ਜੀ ਆਸਣ ਤੋਂ ਉੱਠ ਕੇ ਇੱਕ-ਇੱਕ ਦੇ ਘਰ ਜਾ ਕੇ ਉਸ ਦਾ ਕਾਰਜ ਆਪ ਸੰਵਾਰਦੇ ਹਨ। ਸ਼ਰਧਾ ਦੀ ਲੋੜ ਹੈ। ਇਹ ਪੰਕਤੀਆਂ ਪ੍ਰਤੱਖ ਸਾਹਮਣੇ ਨਜ਼ਰ ਆਉਂਦੀਆਂ ਹਨ:

***ਸੰਤਨ ਹਥਿ ਰਾਖੀ ਕੂੰਜੀ ॥੨॥***

***(ਅੰਗ ੮੯੩)***

ਇੰਝ ਮਹਿਸੂਸ ਹੁੰਦਾ ਹੈ, ਬਾਜ਼ਾਂ ਵਾਲੇ ਪਿਤਾ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਬਾ ਜੀ ਨੂੰ ਦਰਗਾਹੀ ਕੁੰਜੀਆਂ ਦੇ ਦਿੱਤੀਆਂ ਹਨ ਕਿ ਜਿਸ ਦੀ ਮਰਜ਼ੀ ਝੋਲੀ ਭਰ ਦਿਓ।

***—ਦਾਸ ਭਾਈ ਗੁਰਇਕਬਾਲ ਸਿੰਘ***

❖❖❖

# ਸਰਬ ਧਰਮਾਂ ਦੇ ਸਾਂਝੇ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ

***—ਦੋ ਚਾਈਨਾ ਦੀਆਂ ਲੜਕੀਆਂ ਦੀ ਹੱਡ ਬੀਤੀ***

ਬਾਬਾ ਦੀਪ ਸਿੰਘ ਜੀ ਕੇਵਲ ਸਿੱਖਾਂ ਦੇ ਮਾਂ ਬਾਪ ਨਹੀਂ, ਕੋਈ ਹਿੰਦੂ ਆ ਜਾਵੇ, ਝੋਲੀ ਉਸ ਦੀ ਵੀ ਭਰਦੇ ਹਨ, ਬਾਂਹ ਉਸ ਦੀ ਵੀ ਫੜ੍ਹਦੇ ਹਨ। ਕਹਿਣ ਤੋਂ ਭਾਵ, ਕੋਈ ਵੀ ਆ ਜਾਵੇ, ਉਸ ਦੀ ਵੀ ਝੋਲੀ ਭਰਦੇ ਹਨ। ਨਿੱਕੀ ਜਿਹੀ ਗੱਲ ਦਾਸ ਆਪ ਜੀ ਦੇ ਚਰਨਾਂ ਵਿੱਚ ਰੱਖ ਰਿਹਾ ਹੈ।

ਭਾਈ ਜਸਵਿੰਦਰ ਸਿੰਘ ਜੀ ਸਿਵਲ ਲਾਈਨ ਵਾਲੇ ਬੀਬੀ ਕੌਲਾਂ ਭਲਾਈ ਕੇਂਦਰ ਟਰੱਸਟ ਦਾ ਕੀਰਤਨੀ ਜੱਥਾ ਹੈ, ਉਨ੍ਹਾਂ ਦੀ ਕਿਰਤ ਹੈ, ਉਨ੍ਹਾਂ ਨੇ ਅੰਮ੍ਰਿਤਸਰ, ਗਰੀਨ ਐਵੀਨਿਊ ਵਿੱਚ ਆਪਣੇ ਘਰ ਵਿੱਚ ਪੀ.ਜੀ. ਖੋਲ੍ਹਿਆ ਹੈ। ਥੱਲੇ ਵਾਲੇ ਪੋਰਸ਼ਨ ਵਿੱਚ ਉਨ੍ਹਾਂ ਦੀ ਆਪਣੀ ਰਿਹਾਇਸ਼ ਹੈ ਤੇ ਉੱਪਰਲੀ ਮੰਜ਼ਿਲ ਤੇ ਪੀ.ਜੀ. ਲਈ ਕਮਰੇ ਬਣਾਏ ਹੋਏ ਹਨ। ਘਰ ਦੇ ਬਾਹਰੋਂ ਉੱਪਰ ਪੌੜੀ ਚੜ੍ਹਦੀ ਹੈ। ਉੱਪਰ ਪੀ.ਜੀ. ਲਈ ਕਮਰੇ ਬਣਾਏ ਹਨ। ਜਿਹੜੀਆਂ ਬੱਚੀਆਂ ਦੂਸਰੇ ਸ਼ਹਿਰ ਤੋਂ ਪੜ੍ਹਨ ਲਈ ਆਉਂਦੀਆਂ ਹਨ, ਉਹ ਪੀ.ਜੀ. ਵਿੱਚ ਰਹਿੰਦੀਆਂ ਹਨ।

ਉਨ੍ਹਾਂ ਦੇ ਪੀ.ਜੀ. ਵਿੱਚ ਦੋ ਚਾਈਨਾ ਦੀਆਂ ਲੜਕੀਆਂ ਪੜ੍ਹਾਈ ਵਾਸਤੇ ਆਈਆਂ। ਜਿਹੜਾ ਵੀ ਲਿਆਂਦਾ ਹੈ ਉਹ ਦੁਭਾਸ਼ੀ ਹੁੰਦਾ ਹੈ। ਇੰਡੀਆ ਦੀ ਵੀ ਤੇ ਚਾਈਨਾ ਦੀ ਵੀ ਦੋਵੇਂ ਭਾਸ਼ਾ ਜਾਣਦਾ ਹੈ। ਜਸਵਿੰਦਰ ਸਿੰਘ ਜੋ ਪੀ.ਜੀ. ਚਲਾਉਂਦੇ ਹਨ ਤੇ ਉਨ੍ਹਾਂ ਦੀ ਰੁਟੀਨ ਹੈ, ਕੋਈ ਨਵੀਆਂ ਬੱਚੀਆਂ ਆਉਣ ਤੇ ਇੱਕ ਦਿਨ ਬਾਅਦ ਕਮਰਾ ਚੈੱਕ ਕਰਦੇ ਹਨ, ਕੋਈ ਗਲਤ ਚੀਜ਼ ਤਾਂ ਨਹੀਂ ਕਮਰੇ ਵਿੱਚ। ਇੱਕ ਰੁਟੀਨ ਬਣਾਈ ਹੋਈ ਹੈ, ਉਨ੍ਹਾਂ ਦੀ ਕਿਰਤ ਹੈ। ਸੰਗਤ ਜੀ, ਦੋ ਚਾਈਨਾ ਦੀਆਂ ਲੜਕੀਆਂ ਆਈਆਂ ਉਨ੍ਹਾਂ ਦੇ ਪੀ.ਜੀ. ਵਿੱਚ। ਉਹ ਕਮਰਾ ਵੇਖਣ ਗਏ ਬੱਚੀਆਂ ਦਾ, ਦੁਭਾਸ਼ੀ (Interpreter) ਨਾਲ। ਦੁਭਾਸ਼ੀ ਹੁੰਦਾ ਹੈ, ਜਿਹੜਾ ਚਾਈਨਾ ਦੀ ਭਾਸ਼ਾ ਵੀ ਜਾਣਦਾ ਹੈ ਤੇ ਸਾਡੀ ਭਾਸ਼ਾ ਵੀ ਜਾਣਦਾ ਹੈ, ਉਹ ਨਾਲ। ਜਦੋਂ ਕਮਰਾ ਵੇਖ ਰਹੇ ਸੀ, ਦੋ ਬੱਚੀਆਂ ਨਵੀਆਂ ਆਈਆਂ ਹਨ ਤੇ ਤੁਸੀਂ ਹੈਰਾਨ ਹੋਵੋਗੇ, ਉਸ ਨੇ ਕੀ ਵੇਖਿਆ, ਚਾਈਨਾ ਦੀਆਂ ਦੋ ਬੱਚੀਆਂ, ਅੰਮ੍ਰਿਤਸਰ ਵਿੱਚ ਰੁਕੀਆਂ। ਕਮਰਾ ਵੇਖਦਾ ਪਿਆ ਹੈ ਤੇ ਕੀ ਵੇਖਿਆ, ਬੜਾ ਸੋਹਣਾ ਤੋਲੀਆ ਵਿਛਾ ਕੇ ਉੱਤੇ ਬਾਬਾ ਦੀਪ ਸਿੰਘ ਜੀ ਦੇ ਸਰੂਪ ਦਾ ਆਸਣ ਲੱਗਾ ਹੋਇਆ ਹੈ। ਉਹ ਕੀ ਸੋਚਦਾ ਹੈ? ਜਿਹੜੀਆਂ ਬੱਚੀਆਂ ਪਰਸੋਂ ਇਹ ਕਮਰਾ ਵਿਹਲਾ ਕਰਕੇ ਗਈਆਂ, ਦੋ ਬੱਚੀਆਂ ਸੀ, ਉਹ ਸਿੱਖ ਧਰਮ ਦੀਆਂ ਸਨ। ਲੱਗਦਾ ਇਹ ਸਰੂਪ ਉਹ ਬੱਚੀਆਂ ਭੁੱਲ ਗਈਆਂ ਹਨ। ਇਹ ਬਾਬਾ ਜੀ ਦਾ ਸਰੂਪ ਆਸਣ ਤੇ ਲੱਗਾ ਹੀ ਛੱਡ ਗਈਆਂ ਹਨ। ਉਨ੍ਹਾਂ ਨੇ ਬਾਬਾ ਜੀ ਦਾ ਸਰੂਪ ਚੁੱਕ ਲਿਆ ਤੇ ਤੋਲੀਆ ਵੀ ਚੁੱਕ ਲਿਆ ਤੇ ਚਾਈਨਾ ਦੀਆਂ ਲੜਕੀਆਂ ਕਹਿਣ ਲੱਗੀਆਂ, ਇਨ੍ਹਾਂ ਨੇ ਬਾਬਾ ਜੀ ਦਾ ਸਰੂਪ ਤੇ ਤੋਲੀਆ ਕਿਉਂ ਚੁੱਕ ਲਿਆ ਹੈ? ਤੇ ਦੁਭਾਸ਼ੀ ਦੱਸਦਾ ਹੈ, ਪੰਜਾਬੀ ਵਿੱਚ ਜਸਵਿੰਦਰ ਸਿੰਘ ਨੂੰ ਇਹ ਲੜਕੀਆਂ ਪੁੱਛ ਰਹੀਆਂ ਹਨ ਕਿ ਇਹ ਬਾਬਾ ਜੀ ਦਾ ਸਰੂਪ ਤੇ ਤੋਲੀਆ ਚੁੱਕ ਕਿਉਂ ਲਿਆ ਹੈ? ਬਾਬਾ ਜੀ ਦਾ ਆਸਣ ਤੇ ਉਹ ਅੱਗੋਂ

***—ਬਾਕੀ ਹਿੱਸਾ ਪੰਨਾ 28 'ਤੇ ਪੜ੍ਹੋ ਜੀ***

# ਕਿਹੜੀ ਕੌਮ ਸਭ ਤੋਂ ਬਹਾਦਰ ਹੈ?

*—ਇੱਕ ਰਿਸਰਚ ਕਰਨ ਵਾਲੇ ਦੀ ਕਲਮ ਤੋਂ ਬਾਬਾ ਜੀ ਦੀਆਂ ਵਡਿਆਈਆਂ*

ਤੁਹਾਡੇ ਵਿੱਚੋਂ ਕਈ ਬੱਚਿਆਂ ਦਾ ਸ਼ੌਂਕ ਹੁੰਦਾ ਹੈ, ਮਹਿੰਗੇ ਮੋਟਰ ਸਾਈਕਲ ਲੈ ਕੇ ਡਰਾਈਵਿੰਗ ਕਰਨ ਦਾ। ਪਿਤਾ ਪੁੱਛਦਾ ਹੈ, ਕਿਉਂ ਲੈਣਾ ਹੈ ਤੇ ਅੱਗੋਂ ਬੱਚਾ ਜਵਾਬ ਦਿੰਦਾ ਹੈ, ਮੇਰਾ ਸ਼ੌਂਕ ਹੈ। ਮੈਨੂੰ ਲੈ ਦਿਓ। ਕਿਸੇ ਨੂੰ ਸ਼ੌਂਕ ਹੈ, ਮਾਇਆ ਹੈ, ਕਾਰ ਲੈਣੀ ਹੈ ਵੱਡੀ। ਕਿਸੇ ਨੂੰ ਕੋਈ ਤੇ ਕਿਸੇ ਨੂੰ ਕੋਈ ਸ਼ੌਂਕ ਹੈ।

ਇੱਕ ਬਾਹਰਲੇ ਮੁਲਕ ਦਾ ਬੰਦਾ ਜਿਸ ਨੂੰ ਇਹ ਸ਼ੌਂਕ ਆ ਗਿਆ ਕਿ ਮੈਂ ਰਿਸਰਚ ਕਰਕੇ ਦੇਖਾਂ ਕਿਹੜੀ ਕੌਮ ਸਭ ਤੋਂ ਬਹਾਦਰ ਹੈ? ਉਹ ਚੱਲ ਪਿਆ, ਇਸ ਵਾਸਤੇ ਚੱਲ ਪਿਆ ਰਿਸਰਚ ਕਰਨ ਲਈ ਕਿ ਕਿਹੜੀ ਕੌਮ ਸਭ ਤੋਂ ਬਹਾਦਰ ਹੈ? ਸਾਰੇ ਕੌਮਾਂ ਵਾਲਿਆਂ ਨੂੰ ਦੁਨੀਆਂ ਦਾ ਚੱਕਰ ਲਗਾ ਕੇ ਪੁੱਛਿਆ ਤੇ ਹਿੰਦੁਸਤਾਨ ਵਿੱਚ ਆ ਕੇ ਮਰਹੱਟਿਆ ਨੂੰ ਆ ਕੇ ਪੁੱਛਿਆ ਕਿ ਤੁਹਾਡੀ ਕੌਮ ਕਿੰਨੀ ਕੁ ਬਹਾਦਰ ਹੈ ਤੇ ਉਹ ਕਹਿਣ ਲੱਗੇ ਕਿ ਤੈਨੂੰ ਸਾਡਾ ਨਾਂ ਸੁਣ ਕੇ ਨਹੀਂ ਪਤਾ ਲੱਗਾ ਕਿ ਅਸੀਂ ਕਿੰਨੇ ਬਹਾਦਰ ਹਾਂ? ਉਹ ਕਹਿਣ ਲੱਗੇ ਕਿ ਸਾਡਾ ਨਾਂ ਵਿਸ਼ਰਾਮ ਦੇ ਕੇ ਬੋਲ। ਵਿਸ਼ਰਾਮ ਕੀ ਸੀ? ਮਰ+ਹੱਟੇ। ਰਿਸਰਚ ਕਰ ਰਿਹਾ ਸੀ, ਸਾਡਾ ਨਾਂ ਵਿਸ਼ਰਾਮ ਦੇ ਕੇ ਪੜ੍ਹ ਤੇ ਜਦੋਂ ਪੜ੍ਹਿਆ ਤੇ ਕਹਿਣ ਲੱਗੇ, ਹੁਣ ਸਮਝ ਆਈ? ਕਹਿਣ ਲੱਗੇ, ਹਾਲੇ ਵੀ ਸਮਝ ਨਹੀਂ ਆਈ। ਸਾਡਾ ਨਾਂ ਤਾਂ ਪਿਆ ਹੈ, ਮਰ+ਹੱਟੇ। ਜਾਂ ਤਾਂ ਜੰਗ ਦੇ ਮੈਦਾਨ ਵਿੱਚੋਂ ਜਿੱਤ ਕੇ ਹੱਟਦੇ ਹਾਂ ਜਾਂ ਮਰ ਕੇ ਹੱਟਦੇ ਹਾਂ। ਸਾਡਾਂ ਨਾਂ ਹੀ ਪੈ ਪਿਆ, ਮਰਹੱਟੇ। ਉਹ ਕਹਿਣ ਲੱਗਾ, ਇਸ ਤੋਂ ਬਹਾਦਰ ਕੌਣ ਹੋਵੇਗਾ, ਜਾਂ ਤਾਂ ਜਿੱਤ ਕੇ ਹੱਟਣ ਜਾਂ ਮਰ ਕੇ ਹੱਟਣ।

ਰਿਸਰਚ ਕਰਨ ਵਾਲਾ ਫਾਈਨਲ ਕਰਨ ਲੱਗਾ ਤੇ ਨਾਲ ਹੀ ਬਾਜਾਂ ਵਾਲੇ ਦਾ ਸਿੱਖ ਵੀ ਬੈਠਾ ਸੀ। ਉਹ ਕਹਿਣ ਲੱਗਾ, ਸਾਨੂੰ ਵੀ ਪੁੱਛ ਲੈ। ਉਹ ਰਿਸਰਚ ਕਰਨ ਵਾਲਾ ਕਹਿਣ ਲੱਗਾ, ਇਸ ਤੋਂ ਬਹਾਦਰ ਕੌਣ ਹੋਵੇਗਾ, ਜਿਹੜਾ ਜਾਂ ਤਾਂ ਮਰ ਕੇ ਹੱਟਦਾ ਹੈ ਜਾਂ ਜਿੱਤ ਕੇ। ਉਸ ਨੇ ਕਿਹਾ, ਤੁਹਾਡੀ ਕੋਈ ਬਹਾਦਰੀ? ਕਹਿਣ ਲੱਗੇ, ਚੰਗੇ ਸਾਰੇ ਹਨ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਬੱਚਾ ਕਦੀ ਕਿਸੇ ਨੂੰ ਨੀਵਾਂ ਨਹੀਂ ਵਿਖਾਉਂਦਾ। ਆਪਣੀ ਥਾਂ ਤੇ ਸਾਰੇ ਚੰਗੇ ਹਨ ਪਰ ਤੂੰ ਇੱਕ ਚੀਜ਼ ਜ਼ਰੂਰ ਸੁਣ ਲੈ, ਇਹ ਵੀ ਚੰਗੇ ਹਨ, ਇਹ ਮਰਹੱਟੇ ਜਾਂ ਤਾਂ ਜਿੱਤ ਕੇ ਮੈਦਾਨ ਵਿੱਚੋਂ ਹਟਦੇ ਹਨ ਜਾਂ ਮਰ ਕੇ ਮੈਦਾਨ ਵਿੱਚੋਂ ਹੱਟਦੇ ਹਨ। ਪਰ ਸਿੱਖੀ ਵਿੱਚ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇਹੋ ਜਿਹੇ ਸਿੱਖ ਹਨ, ਧੰਨ ਬਾਬਾ ਦੀਪ ਸਿੰਘ ਜੀ ਵਰਗੇ ਜਿਹੜੇ ਮਰ ਕੇ ਵੀ ਮੈਦਾਨ ਵਿੱਚੋਂ ਹਟਦੇ ਨਹੀਂ, ਸੀਸ ਤਲੀ ਤੇ ਰੱਖ ਕੇ ਲੜਨ ਲੱਗ ਪੈਂਦੇ ਹਨ। ਇਸ ਨੂੰ ਕੀ ਕਹੋਗੇ? ਦੁਨੀਆਂ ਤੇ ਹੈ ਕਿਤੇ ਮਿਸਾਲ। ਇਸ ਕਰਕੇ ਅਸੀਂ ਪਿਆਰ ਵਿੱਚ ਪੜ੍ਹ ਰਹੇ ਸੀ, ਤੁਸੀਂ ਬਾਬਾ ਜੀ, ਸੰਤ ਵੀ ਪੂਰੇ ਤੇ ਸਿਪਾਹੀ ਵੀ ਪੂਰੇ। ਅਖੀਰਲੀ ਗੱਲ, ਬਾਬਾ ਦੀਪ ਸਿੰਘ ਜੀ ਦੀ ਇੰਨੀ ਕਮਾਈ ਹੈ ਜਿਹੜੇ ਤੁਹਾਡੇ ਵਿੱਚੋਂ ਸਹਿਜ ਪਾਠ ਕਰਦੇ ਹਨ, ਉਨ੍ਹਾਂ ਨੂੰ ਜ਼ਿਆਦਾ ਪਤਾ ਹੋਵੇਗਾ। ਸਹਿਜ ਪਾਠ ਕਰਦਿਆਂ ਗੁਰਬਾਣੀ ਦੀ ਕੋਈ ਪੰਕਤੀ ਆ ਜਾਵੇ, ਇਹ ਕਦੀ

ਟਰਾਈ ਕਰ ਲੈਣਾ। ਕੋਈ ਪੰਕਤੀ ਆ ਜਾਵੇ, ਉਸ ਨੂੰ ਇੱਧਰ ਜੋੜ ਕੇ ਵੇਖੋ, ਬਾਬਾ ਦੀਪ ਸਿੰਘ ਜੀ ਦੇ ਜੀਵਨ ਨਾਲ ਜੋੜ ਕੇ ਵੇਖੋ, ਉਸ ਦੇ ਅਰਥਾਂ ਵਿੱਚੋਂ ਬਾਬਾ ਦੀਪ ਸਿੰਘ ਜੀ ਦੇ ਗੁਣਾਂ ਦੇ ਦਰਸ਼ਨ ਹੋਣਗੇ। ਇਹ ਕਦੀ ਨੋਟ ਕਰੋ। ਸਾਰੀ ਗੁਰਬਾਣੀ ਢਲਦੀ ਹੈ, ਬਾਬਾ ਦੀਪ ਸਿੰਘ ਜੀ ਤੇ। ਹੁਣ ਤੁਸੀਂ ਪਾਠ ਕਰ ਰਹੇ ਹੋ ਤੇ ਮੰਨ ਲਓ ਪੰਕਤੀ ਆ ਗਈ :

***ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥***

*(ਅੰਗ ੪੦੪)*

ਇਹੋ ਜਿਹਾ ਕੌਣ ਹੈ ਜਿਸ ਨੇ ਪੰਜੇ ਸੂਰਬੀਰ ਮਾਰੇ ਹਨ ਤੇ ਬਾਬਾ ਦੀਪ ਸਿੰਘ ਜੀ ਸਾਹਮਣੇ ਆ ਕੇ ਬੈਠ ਜਾਣਗੇ। ਬਾਬਾ ਜੀ ਵੱਲ ਦੇਖੋਗੇ ਤੇ ਕਹੋਗੇ, ਵਾਕਿਆ ਹੀ ਇਸ ਪੰਕਤੀ ਦੇ ਅਰਥ ਬਾਬਾ ਜੀ ਤੇ ਢੁਕਦੇ ਹਨ। ਤੁਸੀਂ ਸਹਿਜ ਪਾਠ ਕਰੋਗੇ, ਪੰਕਤੀ ਆ ਗਈ :

***ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ ॥***

*(ਅੰਗ ੫੨੧)*

ਹੁਣ ਇਸ ਨੂੰ ਇਸ ਪਾਸੇ ਲੈ ਜਾਓ। ਤੁਹਾਨੂੰ ਪ੍ਰਤੱਖ ਬਾਬਾ ਦੀਪ ਸਿੰਘ ਜੀ ਦੇ ਗੁਣਾਂ ਦੇ ਦਰਸ਼ਨ ਹੋਣਗੇ। ਜੇ ਇੱਕ ਭਗਤ ਨੇ ਬੋਲ ਦਿੱਤਾ, ਹੇ ਧੰਨ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਹਰਿਮੰਦਰ ਸਾਹਿਬ ਨੂੰ ਅਜ਼ਾਦ ਕਰਵਾਉਣ ਤੋਂ ਬਾਅਦ ਸ਼ਹੀਦ ਹੋਵਾਂਗਾ। ਸੀਸ ਲੱਥ ਵੀ ਗਿਆ ਤੇ ਭਗਤ ਦਾ ਬੋਲਿਆ ਪੂਰਾ ਹੋਇਆ ਹੈ। ਬਾਬਾ ਜੀ ਦੀ ਇੰਨੀ ਕਮਾਈ ਹੈ। ਗੁਰਬਾਣੀ ਵਿੱਚੋਂ ਉਨ੍ਹਾਂ ਦੇ ਦਰਸ਼ਨ ਹੁੰਦੇ ਹਨ, ਅਰਥਾਂ ਵਿੱਚੋਂ, ਬਾਬਾ ਜੀ ਦੇ ਗੁਣਾਂ ਦੇ ਦਰਸ਼ਨ ਹੁੰਦੇ ਹਨ।

---


## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**

1) ਬੈਂਕ ਡਰਾਫਟ, ਚੈੱਕ ਰਾਹੀਂ ਜਾਂ Paytm No. 9876525850
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |


ਬੀਬੀ ਪ੍ਰਭਲੀਨ ਕੌਰ

# ਚੁਪਹਿਰਾ ਸਾਹਿਬ ਤੇ ਹਾਜ਼ਰੀਆਂ ਭਰਨ ਨਾਲ ਪੱਥਰੀ ਦੇ ਅਪਰੇਸ਼ਨ ਤੋਂ ਛੁਟਕਾਰਾ

***—ਬੀਬੀ ਪਰਮਜੀਤ ਕੌਰ (ਪੰਮਾ ਭੈਣਜੀ)***

ਦਾਸ ਦੇ ਸਾਹਮਣੇ ਇੱਕ ਵਾਕਿਆ ਆ ਗਿਆ ਹੈ। ਬੀਬੀ ਕੌਲਾਂ ਜੀ ਭਲਾਈ ਕੇਂਦਰ ਫੁਲਵਾੜੀ ਦੇ ਬੜੇ ਪਿਆਰ ਵਾਲੇ ਮੈਂਬਰ ਹਨ ਸ੍ਰ. ਅਜੀਤਪਾਲ ਸਿੰਘ ਜੀ। ਉਨ੍ਹਾਂ ਦੀ ਬੇਟੀ ਕੈਨੇਡਾ ਰਹਿੰਦੀ ਹੈ, ਨਾਂ ਹੈ ਪ੍ਰਭਲੀਨ ਕੌਰ। ਉਨ੍ਹਾਂ ਨੇ ਆਪਣੀ ਹੱਡਬੀਤੀ ਦਾਸ ਨੂੰ ਸੁਣਾਈ। ਉਹ ਕਹਿਣ ਲੱਗੇ ਕਿ ਪਿਛਲੇ ਸਾਲ ਦੀਵਾਲੀ ਤੇ ਬੇਟੀ ਕੈਨੇਡਾ ਤੋਂ ਕੁਝ ਦਿਨ ਰਹਿਣ ਵਾਸਤੇ ਆਈ। ਥੋੜ੍ਹੀ ਜਿਹੀ ਅੰਦਰ ਪਰਾਬਲਮ ਸੀ, ਕੁਝ ਦਰਦ ਰਹਿੰਦੀ ਸੀ ਤੇ ਅੰਮ੍ਰਿਤਸਰ, ਅਜੀਤ ਨਗਰ ਚੌਂਕ ਵਿੱਚ ਰਾਣਾ ਡਾਇਨੋਗਸਟਿਕ ਲੈਬੋਰਟਰੀ ਹੈ, ਉੱਥੇ ਜਾ ਕੇ ਐਕਸ-ਰੇ ਕਰਵਾਏ ਤੇ ਡਾਕਟਰ ਮੋਹਿਤ ਜੋ ਉੱਥੇ ਗੈਸਟਰੋ ਸਰਜਨ ਹਨ, ਉਹ ਕਹਿਣ ਲੱਗੇ ਕਿ ਅੰਦਰ ਪੱਥਰੀ ਦੇ ਰੇਤ ਦੇ ਕਣ ਬਣਨ ਲੱਗ ਪਏ ਹਨ ਤੇ ਇਨ੍ਹਾਂ ਦੇ ਸਰੀਰ ਵਿੱਚੋਂ ਅਪਰੇਸ਼ਨ ਕਰਕੇ ਪਿੱਤਾ ਕੱਢਣਾ ਪੈਣਾ ਹੈ। ਡਾਕਟਰ ਨੇ ਦਵਾਈ ਦੇ ਦਿੱਤੀ। ਫਿਰ ਬੱਚੀ ਕੈਨੇਡਾ ਚਲੀ ਗਈ। ਇਸ ਤਰ੍ਹਾਂ ਇੱਕ ਸਾਲ ਲੰਘ ਗਿਆ। ਕੁਝ ਪਰਾਬਲਮ ਵੱਧ ਵੀ ਗਈ। ਇਸ ਸਾਲ ਉਨ੍ਹਾਂ ਦੀ ਬੇਟੀ ਕੈਨੇਡਾ ਤੋਂ ਇਸ ਕਰਕੇ ਨੌਕਰੀ ਤੋਂ ਛੁੱਟੀ ਲੈ ਕੇ ਆਈ ਕਿ ਇੰਡੀਆ ਜਾ ਕੇ ਪੱਥਰੀ ਦਾ ਅਪਰੇਸ਼ਨ ਕਰਵਾਉਣਾ ਹੈ। 28 ਦਿਨ ਦੀ ਛੁੱਟੀ ਮਿਲੀ। ਡਾਕਟਰ ਸਾਹਿਬ ਨੇ ਜਿਹੜੀ ਡੇਟ ਦਿੱਤੀ, ਉਸ ਵਿੱਚ ਕੈਨੇਡਾ ਜਾਣ ਨੂੰ ਸਿਰਫ 2-3 ਦਿਨ ਬਾਕੀ ਸਨ ਤੇ ਛੁੱਟੀ ਐਕਸਟੈਂਡ ਕਰਵਾਉਣੀ ਸੀ।

ਗੁਰੂ ਸਾਹਿਬ ਨੇ ਕੁਝ ਬਿੱਧ ਬਣਾਈ। ਚੱਬੇ ਨਾਨਕਸਰ ਜਿਨ੍ਹਾਂ ਨੂੰ ਬਾਬਾ ਸੁਖਦੇਵ ਸਿੰਘ ਜੀ ਨੇ ਸੇਵਾ ਸੌਂਪੀ ਹੋਈ ਹੈ, ਬਾਬਾ ਰਮਨ ਸਿੰਘ ਜੀ, ਉਨ੍ਹਾਂ ਦੇ ਡਰਾਈਵਰ ਦੀ ਪਤਨੀ ਦੀ ਵੀ ਇਹੀ ਪਰਾਬਲਮ ਸੀ ਤੇ ਉਹ ਕਹਿਣ ਲੱਗੇ, ਬਾਬਾ ਦੀਪ ਸਿੰਘ ਜੀ ਦੇ ਦਰ ਤੇ ਚੁਪਹਿਰਿਆਂ ਵਿੱਚ ਹਾਜ਼ਰੀ ਲਗਾਈ ਹੈ ਤੇ ਗੁਰਬਾਣੀ ਦੀ ਕਿਰਪਾ ਤੇ ਬਾਬਾ ਜੀ ਦੀ ਬਖਸ਼ਿਸ਼ ਨਾਲ ਅਪਰੇਸ਼ਨ ਕਰਵਾਉਣ ਦੀ ਨੌਬਤ ਹੀ ਨਹੀਂ ਆਈ। ਉਨ੍ਹਾਂ ਨੇ ਕਿਹਾ ਕਿ ਤੁਸੀਂ ਵੀ ਇੰਝ ਹਾਜ਼ਰੀ ਲਗਾਓ। ਬੇਟੀ ਨੇ ਇੱਕ ਚੁਪਹਿਰਾ ਸਾਹਿਬ ਬਾਬਾ ਦੀਪ ਸਿੰਘ ਜੀ ਦੇ ਦਰ ਤੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਹਾਜ਼ਰੀ ਭਰੀ ਤੇ ਦੂਜੀ ਹਾਜ਼ਰੀ ਹਰ ਮਹੀਨੇ ਦੇ ਅਖੀਰਲੇ ਐਤਵਾਰ ਜਿਹੜਾ ਚੁਪਹਿਰਾ ਬਾਬਾ ਦੀਪ ਸਿੰਘ ਜੀ ਦੇ ਜਨਮ ਅਸਥਾਨ ਪਹੂਵਿੰਡ ਸਾਹਿਬ ਵਿਖੇ ਹੁੰਦਾ ਹੈ, ਉੱਥੇ ਭਰੀ।

ਵਾਪਸ ਘਰ ਆ ਕੇ ਡਾਕਟਰ ਸਾਹਿਬ ਕੋਲ ਗਏ ਤੇ ਉਹ ਕਹਿਣ ਲੱਗੇ ਕਿ ਤੁਹਾਨੂੰ ਅਪਰੇਸ਼ਨ ਦੀ ਡੇਟ ਦੇ ਦਿੰਦੇ ਹਾਂ, ਤੁਸੀਂ ਟਿਕਟ ਐਕਸਟੈਂਡ ਕਰਵਾ ਲਓ ਪਰ ਪਹਿਲਾਂ ਇਹ ਐਕਸ-ਰੇ ਕਰਵਾਓ। ਜਦੋਂ ਐਕਸ-ਰੇ ਕਰਵਾ ਕੇ ਡਾਕਟਰ ਸਾਹਿਬ ਕੋਲ ਲੈ ਕੇ ਗਏ ਤੇ ਡਾਕਟਰ ਸਾਹਿਬ ਦੇਖ ਕੇ ਹੈਰਾਨ ਰਹਿ ਗਏ, ਕਹਿਣ ਲੱਗੇ, ਤੁਹਾਨੂੰ ਤਾਂ ਅਪਰੇਸ਼ਨ ਦੀ ਲੋੜ ਹੀ ਨਹੀਂ। ਤੁਹਾਡੇ ਅੰਦਰ ਤਾਂ ਪੱਥਰੀ ਹੈ ਹੀ ਨਹੀਂ। ਉਹ ਡਾਕਟਰ ਸਾਹਿਬ ਅੱਗੇ ਦੋਵੇਂ ਐਕਸ-ਰੇ ਦੀਆਂ ਰਿਪੋਰਟਾਂ ਪਈਆਂ ਹਨ, ਇੱਕ ਵਿੱਚ ਦਿੱਖ ਰਿਹਾ ਹੈ, ਅੰਦਰ ਪੱਥਰੀ ਕਰਕੇ ਰਸੌਲੀਆਂ ਬਣਨੀਆਂ ਸ਼ੁਰੂ ਹੋ ਗਈਆਂ ਸਨ ਤੇ ਦੂਜੇ ਐਕਸ-ਰੇ ਵਿੱਚ ਕੁਝ ਦਿਖਾਈ ਹੀ ਨਹੀਂ ਦੇ ਰਿਹਾ। ਇਸ ਨੂੰ ਕੀ ਕਹਾਂਗੇ। ਬਾਬਾ ਦੀਪ ਸਿੰਘ ਜੀ ਕਿਰਪਾ ਦੇ ਘਰ ਵਿੱਚ ਆ ਜਾਣ ਤੇ ਡਾਕਟਰਾਂ ਦੇ ਵੀ ਹੱਥ ਖੜ੍ਹੇ ਹੋ ਜਾਂਦੇ ਹਨ। ਸਾਰੇ ਆਖੋ :

***ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ।***

# ਕੈਨੇਡਾ ਵਿਖੇ ਇੱਕ ਬੀਬੀ ਨਾਲ ਹੋਈ ਪ੍ਰਤੱਖ ਵਾਰਤਾ

—ਅਦਾਰਾ ਸਿਫਤਿ ਸਾਲਾਹ

ਗੁਰੂ ਸਾਹਿਬ ਜੀ ਦੀ ਇੰਨੀ ਕਿਰਪਾ ਹੈ, ਜਿਵੇਂ ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਅੰਮ੍ਰਿਤਸਰ ਸੰਗਤਾਂ ਹਰ ਐਤਵਾਰ ਚੁਪਹਿਰਾ ਸਾਹਿਬ ਕੱਟਣ ਆਉਂਦੀਆਂ ਹਨ। ਇਸੇ ਤਰ੍ਹਾਂ ਬਹੁਤ ਇਲਾਕਿਆਂ ਵਿੱਚ ਚੁਪਹਿਰਾ ਸਾਹਿਬ ਸ਼ੁਰੂ ਹੋ ਚੁੱਕੇ ਹਨ। ਇੱਥੋਂ ਤੱਕ ਕਿ ਵਿਦੇਸ਼ਾਂ ਵਿੱਚ ਵੀ ਸੰਗਤਾਂ ਨੇ ਇਸੇ ਤਰ੍ਹਾਂ ਨੇਮ ਨਾਲ ਚੁਪਹਿਰੇ ਸ਼ੁਰੂ ਕਰ ਦਿੱਤੇ ਹਨ। ਉੱਥੇ ਵੀ ਧੰਨ ਧੰਨ ਬਾਬਾ ਦੀਪ ਸਿੰਘ ਜੀ ਨੂੰ ਹਾਜ਼ਰ-ਨਾਜ਼ਰ ਸਮਝ ਕੇ ਸੰਗਤਾਂ ਚੁਪਹਿਰਾ ਕੱਟਦੀਆਂ ਹਨ।

ਕੈਨੇਡਾ ਵਿੱਚ ਸਰੀ ਵਿਖੇ ਗੁਰਦੁਆਰਾ ਸਾਹਿਬ ਹੈ, ਉੱਥੇ ਵੀ ਸੰਗਤਾਂ ਚੁਪਹਿਰਾ ਬੜੇ ਪਿਆਰ ਤੇ ਉਤਸ਼ਾਹ ਨਾਲ ਕੱਟਦੀਆਂ ਹਨ। ਉੱਥੋਂ ਦੀ ਰੁਟੀਨ ਹੈ ਚੁਪਹਿਰਾ ਸਾਹਿਬ ਸ਼ੁਰੂ ਕਰਨ ਤੋਂ ਪਹਿਲਾਂ 4-5 ਮਿੰਟ ਸਾਰੀ ਸੰਗਤ ਨੂੰ ਜਪਾਉਂਦੇ ਹਨ ਧੰਨ ਧੰਨ ਬਾਬਾ ਦੀਪ ਸਿੰਘ ਜੀ, ਧੰਨ ਧੰਨ ਬਾਬਾ ਦੀਪ ਸਿੰਘ ਜੀ, ਫਿਰ ਇੱਕ ਘਟਨਾ ਹੱਡ ਬੀਤੀ ਸੰਗਤ ਵਿੱਚੋਂ ਕਿਸੇ ਦੀ ਸੁਣਾਉਂਦੇ ਹਨ ਕਿ ਚੁਪਹਿਰੇ ਕੱਟਣ ਨਾਲ ਕੀ ਬਖਸ਼ਿਸ਼ ਹੋਈ।

ਉਸ ਦਿਨ ਸਟੇਜ ਸਕੱਤਰ ਜੀ ਨੇ ਇੱਕ ਭੈਣ ਦੀ ਹੱਡ ਬੀਤੀ ਸੰਗਤ ਵਿੱਚ ਸੁਣਾਈ। ਉਹ ਕਹਿਣ ਲੱਗੇ ਕਿ ਸੰਗਤ ਵਿੱਚ ਉਹ ਭੈਣ ਆਉਂਦੀ ਹੈ ਗਰਭਵਤੀ ਸੀ ਤੇ ਕੁਦਰਤ ਵੱਲੋਂ ਜਦੋਂ ਉਸ ਦੀ ਕੁੱਖ ਵਿੱਚ ਬੱਚਾ ਆਇਆ। ਕੁਝ ਮਹੀਨੇ ਬਾਅਦ ਜਦੋਂ ਡਾਕਟਰ ਨੇ ਚੈੱਕਅੱਪ ਕੀਤਾ ਤੇ ਡਾਕਟਰ ਕਹਿਣ ਲੱਗੇ ਕਿ ਬੱਚੇ ਦੀ ਫੂਡ ਪਾਈਪ ਬਣੀ ਨਹੀਂ ਹੈ ਅੱਜ ਕਲ੍ਹ ਟੈਕਨਾਲੋਜੀ ਬਹੁਤ ਐਡਵਾਂਸ ਹੋ ਗਈ ਹੈ। ਸਭ ਕੁਝ ਪਹਿਲਾਂ ਹੀ ਪਤਾ ਲੱਗਾ ਜਾਂਦਾ ਹੈ ਤੇ ਡਾਕਟਰ ਕਹਿਣ ਲੱਗਾ ਕਿ ਬੱਚੇ ਦੀ ਫੂਡ ਪਾਈਪ ਹੀ ਨਹੀ ਬਣੀ। ਉਸ ਟਾਈਮ ਉਸ ਭੈਣ ਨੂੰ ਸੱਤਵਾਂ-ਅੱਠਵਾਂ ਮਹੀਨਾ ਸੀ। ਇਸ ਦੀ ਬਾਅਦ ਵਿੱਚ ਬਹੁਤ ਮੁਸ਼ਕਿਲ ਹੋਣੀ ਹੈ ਤੇ ਹੋ ਸਕਦਾ ਹੈ ਕਿ ਬੱਚੇ ਦੇ ਜਨਮ ਤੋਂ ਬਾਅਦ ਤੁਰੰਤ ਇਸ ਨੂੰ ਅਪਰੇਟ ਵੀ ਕਰਨਾ ਪੈ ਸਕਦਾ ਹੈ ਜਾਂ Death ਵੀ ਹੋ ਸਕਦੀ ਹੈ ਜਾਂ ਬਾਹਰੋਂ ਦੀ ਖੁਰਾਕ ਦੇਣੀ ਪੈ ਸਕਦੀ ਹੈ ਜਾਂ 2-3 ਸਾਲ ਦਾ ਹੋਣ ਤੋਂ ਬਾਅਦ ਅਪਰੇਸ਼ਨ ਸ਼ਾਇਦ ਹੀ ਕਾਮਯਾਬੀ ਨਾਲ ਹੋ ਸਕੇ। ਬੜੀ ਟੈਨਸ਼ਨ ਹੋ ਗਈ। ਉਸ ਭੈਣ ਨੂੰ ਇੱਕ ਮਾਤਾ ਨੇ ਉਸ ਦੀ ਟੈਨਸ਼ਨ ਵੇਖ ਕੇ ਸੁਮੱਤ ਦਿੱਤੀ ਕਿ ਬਾਬਾ ਦੀਪ ਸਿੰਘ ਜੀ ਤੇ ਦ੍ਰਿੜ੍ਹ ਵਿਸ਼ਵਾਸ ਰੱਖ ਕੇ, ਉਨ੍ਹਾਂ ਦੇ ਚਰਨਾਂ ਦਾ ਧਿਆਨ ਧਰ ਕੇ ਚੁਪਹਿਰਾ ਸਾਹਿਬ ਵਿੱਚ ਹਾਜ਼ਰੀ ਲਗਾਓ। ਤੁਸੀਂ ਉਦੋਂ ਤੱਕ ਚੁਪਹਿਰੇ ਕੱਟੀ ਜਾਣੇ ਹਨ, ਜਦੋਂ ਤੱਕ ਬੱਚਾ ਨਹੀਂ ਹੋ ਜਾਂਦਾ। ਬਾਬਾ ਜੀ ਆਪੇ ਕਿਰਪਾ ਕਰਨਗੇ। ਜਦੋਂ ਇਸ ਤਰ੍ਹਾਂ ਕੁਝ ਹਫਤੇ ਕੈਨੇਡਾ ਵਿਖੇ ਹਰ ਐਤਵਾਰ ਚੁਪਹਿਰਾ ਕੱਟਦਿਆਂ ਲੰਘ ਗਏ ਤੇ ਉਹ ਮਾਤਾ ਜੀ ਕਹਿਣ ਲੱਗੇ, ਬੇਟਾ, ਬਾਬਾ ਜੀ ਜ਼ਰੂਰ ਕਿਰਪਾ ਕਰਨਗੇ ਤੇਰਾ ਬੱਚਾ ਤੰਦਰੁਸਤ ਹੀ ਹੋਵੇਗਾ। ਉਹ ਭੈਣ ਕਹਿਣ ਲੱਗੀ, ਮਾਤਾ ਜੀ ਦੀ ਗੱਲ ਤੇ ਮੈਨੂੰ ਹੋਰ ਹੌਸਲਾ ਹੋ ਗਿਆ ਕਿਉਂਕਿ ਮੇਰੇ ਅੰਦਰੋਂ ਅਵਾਜ਼ ਆਈ ਕਿ ਵਾਕਿਆ ਹੀ ਸੰਗਤ ਵਿੱਚ ਰੱਬ ਵਸਦਾ ਹੈ, ਬਾਬਾ ਦੀਪ ਸਿੰਘ ਜੀ ਵਸਦੇ ਹਨ। ਸੰਗਤ ਵਿੱਚੋਂ ਅਸੀਸ ਮਿਲੀ ਹੈ ਤੇ ਬਾਬਾ ਜੀ ਜ਼ਰੂਰ ਕਿਰਪਾ ਕਰਨਗੇ।

ਸੰਗਤ ਜੀ ਬੱਚੇ ਦੇ ਜਨਮ ਵੇਲੇ ਡਾਕਟਰ ਵੀ ਹੈਰਾਨ ਫੂਡ ਪਾਈਪ ਵੀ ਬਣੀ ਹੋਈ ਹੈ, ਬੱਚਾ ਵੀ ਠੀਕ-ਠਾਕ, ਬੱਚੇ ਦੀ ਮਾਤਾ ਵੀ ਠੀਕ ਤੇ ਹੋਇਆ ਵੀ ਨਾਰਮਲ। ਉਸ ਬੀਬੀ ਦੇ ਮਨ ਵਿੱਚ ਵਿਸ਼ਵਾਸ ਹੈ ਕਿ ਇਹ ਸਭ ਕੁਝ ਚੁਪਹਿਰਾ ਸਾਹਿਬ ਵਿੱਚ ਹਾਜ਼ਰੀ ਭਰਨ ਨਾਲ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਧੰਨ ਬਾਬਾ ਦੀਪ ਸਿੰਘ ਜੀ ਤੇ ਸੰਗਤ ਦੀ ਕ੍ਰਿਪਾ ਨਾਲ ਹੋਇਆ ਹੈ। ਜਦੋਂ ਸ਼ਹੀਦ ਸਿੰਘ ਮਿਹਰ ਕਰਨ ਤਾਂ ਦੁਨਿਆਵੀ ਦੁੱਖ ਪਿੱਛੇ ਰਹਿ ਜਾਂਦੇ ਹਨ।

ਸਟੇਜ ਸੈਕਟਰੀ ਕਹਿਣ ਲੱਗੇ ਅਸੀਂ ਹਰ ਚੁਪਹਿਰਾ ਆਰੰਭ ਹੋਣ ਤੋਂ ਪਹਿਲਾਂ ਇੱਕ ਅੱਧੀ ਸੱਚੀ ਘਟਨਾ ਸੰਗਤ ਵਿੱਚ ਵਾਪਰੀ ਸੁਣਾਉਣ ਦਾ ਯਤਨ ਕਰਦੇ ਹਾਂ ਤਾਂ ਕੀ ਸੰਗਤ ਦੀ ਚੁਪਹਿਰਾ ਕੱਟਣ ਤੋਂ ਪਹਿਲਾਂ ਹੀ ਸ਼ਰਧਾ ਤੇ ਵਿਸ਼ਵਾਸ ਪੱਕਾ ਹੋ ਜਾਵੇ, ਸ਼ਰਧਾ ਤੇ ਵਿਸ਼ਵਾਸ ਹੀ ਝੋਲੀ ਭਰਦੇ ਹਨ। ਸਾਰੇ ਆਖੋ:

***ਧੰਨ ਧੰਨ ਬਾਬਾ ਦੀਪ ਸਿੰਘ ਜੀ।***
***ਧੰਨ ਧੰਨ ਬਾਬਾ ਦੀਪ ਸਿੰਘ ਜੀ।***

---

*ਪੰਨਾ 23 ਦਾ ਬਾਕੀ ਹਿੱਸਾ—*

ਭਾਈ ਜਸਵਿੰਦਰ ਸਿੰਘ ਸਿਵਲ ਲਾਈਨ ਵਾਲੇ ਕਹਿਣ ਲੱਗੇ, ਪਹਿਲੀਆਂ ਲੜਕੀਆਂ ਜਿਹੜੀਆਂ ਇੱਥੇ ਕਮਰੇ ਵਿੱਚ ਸਨ ਸਿੱਖ ਧਰਮ ਦੀਆਂ ਸਨ ਤੇ ਮੈਨੂੰ ਲੱਗਦਾ ਹੈ ਕਿ ਉਹ ਭੁੱਲ ਗਈਆਂ ਹਨ ਤੇ ਮੈਂ ਸਤਿਕਾਰ ਵਜੋਂ ਚੁੱਕਿਆ ਹੈ ਕਿ ਇਹ ਚਾਈਨਾ ਦੀਆਂ ਲੜਕੀਆਂ ਹਨ, ਇਨ੍ਹਾਂ ਨੂੰ ਬਾਬਾ ਜੀ ਬਾਰੇ ਕੀ ਪਤਾ ਹੈ ਤਾਂ ਕਰਕੇ ਚੁੱਕਿਆ ਹੈ ਕਿਤੇ ਇਨ੍ਹਾਂ ਤੋਂ ਬੇਅਦਬੀ ਨਾ ਹੋ ਜਾਵੇ। ਦੁਭਾਸ਼ੀ ਨੇ ਲੜਕੀਆਂ ਨੂੰ ਚਾਈਨਾ ਭਾਸ਼ਾ ਵਿੱਚ ਕਿਹਾ ਤੁਹਾਡੇ ਤੋਂ ਪਹਿਲਾਂ ਜਿਹੜੀਆਂ ਬੱਚੀਆਂ ਰਹਿੰਦੀਆਂ ਸਨ ਇੱਥੇ ਕਮਰੇ ਵਿੱਚ ਉਹ ਸਰੂਪ ਇੱਥੇ ਹੀ ਭੁੱਲ ਗਈਆਂ ਹਨ ਇਸ ਕਰਕੇ ਇਨ੍ਹਾਂ ਨੇ ਸਤਿਕਾਰ ਵਜੋਂ ਚੁੱਕਿਆ ਹੈ। ਅੱਗੋਂ ਚਾਈਨਾ ਦੀਆਂ ਲੜਕੀਆਂ ਦੁਭਾਸ਼ੀ ਨੂੰ ਕਹਿਣ ਲੱਗੀਆਂ, ਇਹ ਸਰੂਪ ਪਹਿਲੀਆਂ ਲੜਕੀਆਂ ਦਾ ਨਹੀਂ, ਇਹ ਬਾਬਾ ਜੀ ਸਾਡੇ ਹਨ। ਚਾਈਨਾ ਦੀ ਭਾਸ਼ਾ ਵਿੱਚ ਕਹਿਣ ਲੱਗੀਆਂ, ਇਹ ਸਾਡਾ ਸਰੂਪ ਹੈ। ਇਹ ਸਾਡਾ ਤੋਲੀਆ ਹੈ। ਇਹ ਅਸੀਂ ਲਗਾਇਆ ਹੈ, ਬਾਬਾ ਜੀ ਸਾਡੇ ਹਨ। ਦੁਭਾਸ਼ੀ ਨੇ ਉਨ੍ਹਾਂ ਨੂੰ ਕਿਹਾ ਕਿ ਇਹ ਲੜਕੀਆਂ ਕਹਿ ਰਹੀਆਂ ਹਨ, ਇਹ ਸਾਡੇ ਬਾਬਾ ਜੀ ਦਾ ਸਰੂਪ ਹੈ, ਇਹ ਅਸੀਂ ਆਸਣ ਲਗਾਇਆ ਹੈ। ਜਸਵਿੰਦਰ ਸਿੰਘ ਹੈਰਾਨ ਹੋ ਗਏ ਕਿ ਕਿੱਥੇ ਚਾਈਨਾ ਦੀਆਂ ਲੜਕੀਆਂ ਤੇ ਕਿੱਥੇ ਬਾਬਾ ਜੀ ਦਾ ਆਸਣ। ਉਨ੍ਹਾਂ ਨੇ ਦੁਭਾਸ਼ੀ ਨੂੰ ਕਿਹਾ ਕਿ ਇਨ੍ਹਾਂ ਨੂੰ ਪੁੱਛੋ ਕਿ ਇਹ ਬਾਬਾ ਜੀ ਨੂੰ ਕਿਵੇਂ ਜਾਣਦੀਆਂ ਹਨ? ਜਦੋਂ ਦੁਭਾਸ਼ੀ ਨੇ ਪੁੱਛਿਆ ਕਿ ਤੁਸੀਂ ਬਾਬਾ ਦੀਪ ਸਿੰਘ ਜੀ ਨੂੰ ਕਿਵੇਂ ਜਾਣਦੇ ਹੋ? ਉਹ ਲੜਕੀਆਂ ਕਹਿਣ ਲੱਗੀਆਂ, ਕੁਝ ਸਾਲ ਪਹਿਲਾਂ ਸਾਨੂੰ ਕੋਈ ਬੜੀ ਵੱਡੀ ਮੁਸ਼ਕਿਲ ਆਈ ਸੀ ਤੇ ਕਿਸੇ ਗੁਰਸਿੱਖ ਨਾਲ ਮੇਲ ਹੋ ਗਿਆ। ਉਨ੍ਹਾਂ ਨੇ ਸਾਨੂੰ ਇਹ ਸਰੂਪ ਦਿੱਤਾ ਹੈ ਤੇ ਕਿਹਾ ਬਾਬਾ ਜੀ ਅੱਗੇ ਪ੍ਰੇਰ ਕਰੋ ਭਾਵ ਅਰਦਾਸ ਕਰੋ ਇਹ ਸਭ ਦੀ ਸੁਣਦੇ ਹਨ ਅਸੀਂ ਪ੍ਰੇਰ ਕੀਤੀ ਸਾਡੀ ਮੁਸ਼ਕਿਲ ਹੱਲ ਹੋਈ ਉਦੋਂ ਦਾ ਸਾਡਾ ਇੰਨਾ ਵਿਸ਼ਵਾਸ ਬੱਝ ਗਿਆ ਹੈ ਤੇ ਅਸੀਂ ਜਿਸ ਦੇਸ਼ ਵਿੱਚ ਵੀ ਜਾਂਦੀਆਂ ਹਾਂ, ਇਹ ਬਾਬਾ ਜੀ ਦਾ ਸਰੂਪ ਆਸਣ ਨਾਲ ਰੱਖਦੀਆਂ ਹਾਂ ਤੇ ਜਿੱਥੇ ਕੋਈ ਮੁਸ਼ਕਲ ਆਵੇ, ਅਸੀਂ ਇਨ੍ਹਾਂ ਅੱਗੇ ਪ੍ਰਾਥਨਾ ਕਰਦੀਆਂ ਹਾਂ, ਇਹ ਹਰ ਜਗ੍ਹਾ ਸਾਡੇ ਨਾਲ ਸਹਾਈ ਹੁੰਦੇ ਹਨ। ਇਸ ਨੂੰ ਕੀ ਕਹਾਂਗੇ? ਇਹ ਪ੍ਰਤੱਖ ਬੀਤੀ ਸੱਚਾਈ ਰੱਖੀ ਜਾ ਰਹੀ ਹੈ। ਕਿਸ ਕਰਕੇ?

***ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥***

*(ਅੰਗ ੬੫੩)*

ਬਾਬਾ ਜੀ ਇਕੱਲੇ ਸਿੱਖਾਂ ਦੇ ਨਹੀਂ, ਚਾਈਨਾ ਦੀਆਂ ਲੜਕੀਆਂ ਵੀ ਬਾਬਾ ਜੀ ਨੂੰ ਪਿਆਰ ਨਾਲ ਯਾਦ ਕਰ ਲੈਣ ਤੇ ਰਾਖੀ ਉਨ੍ਹਾਂ ਦੀ ਵੀ ਕਰਦੇ ਹਨ।

*—ਸੰਗ੍ਰਹਿ ਕਰਤਾ: ਭਾਈ ਜਸਵਿੰਦਰ ਸਿੰਘ (ਸਿਵਲ ਲਾਈਨ)*

# ਚੁਪਹਿਰਾ ਸਾਹਿਬ ਦੀ ਤਾਕਤ

*—ਭਾਈ ਤੇਜਪਾਲ ਸਿੰਘ*

ਸ੍ਰੀ ਅੰਮ੍ਰਿਤਸਰ ਸਾਹਿਬ, ਚਾਟੀਵਿੰਡ ਚੌਂਕ ਵਿਖੇ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਅਸਥਾਨ ਹੈ, ਗੁਰਦੁਆਰਾ ਸ਼ਹੀਦ ਗੰਜ ਸਾਹਿਬ। ਆਮ ਦਿਨਾਂ ਵਿੱਚ ਇਸ ਅਸਥਾਨ ਤੇ ਲੱਖ ਡੇਢ ਲੱਖ ਬੰਦਾ ਸੀਸ ਝੁਕਾਉਂਦਾ ਹੈ, ਸਾਰੀ ਦਿਹਾੜੀ।



*ਗੁ: ਸ਼ਹੀਦ ਗੰਜ ਸਾਹਿਬ ਚੁਪਹਿਰਾ ਸਾਹਿਬ ਵਿੱਚ ਹਾਜ਼ਰੀ ਭਰਦੀਆਂ ਹੋਈਆਂ ਸੰਗਤਾਂ ਦਾ ਵਿਸ਼ਾਲ ਇਕੱਠ*

ਹਰ ਐਤਵਾਰ ਚਾਰ-ਪੰਜ ਲੱਖ ਬੰਦਾ ਸੀਸ ਝੁਕਾਉਂਦਾ ਹੈ। ਦੁਪਹਿਰੇ 12 ਵਜੇ ਚੁਪਹਿਰਾ ਸਾਹਿਬ ਆਰੰਭ ਹੁੰਦਾ ਹੈ। ਸੰਗਤਾਂ ਸਵੇਰੇ 10 ਵਜੇ ਤੋਂ ਹੀ ਆ ਕੇ ਬੈਠ ਜਾਂਦੀਆਂ ਹਨ। ਸੰਗਤੀ ਰੂਪ ਵਿੱਚ ਪਹਿਲਾਂ ਜਪੁਜੀ ਸਾਹਿਬ ਦੇ ਪੰਜ ਪਾਠ ਹੁੰਦੇ ਹਨ। ਫਿਰ ਦੋ ਪਾਠ ਚੌਪਈ ਸਾਹਿਬ ਤੇ ਇੱਕ ਪਾਠ ਸੁਖਮਨੀ ਸਾਹਿਬ ਦਾ। 4 ਵਜੇ ਚੁਪਹਿਰਾ ਸਾਹਿਬ ਦੀ ਸਮਾਪਤੀ ਦੀ ਅਰਦਾਸ ਹੁੰਦੀ ਹੈ। ਪੈਰ ਧੋਣ ਦੀ ਜਗ੍ਹਾ ਤੋਂ ਲੈ ਕੇ ਬਾਹਰ ਸੜਕਾਂ ਤੱਕ ਸਭ ਪਾਸੇ ਜਾਮ ਲੱਗ ਜਾਂਦੇ ਹਨ, ਇੱਥੋਂ ਤੱਕ ਕਿ ਬੱਸ ਸਟੈਂਡ ਤੋਂ ਚਾਟੀਵਿੰਡ ਗੇਟ ਤੱਕ ਪੈਦਲ ਆਉਂਦਾ ਪੈਂਦਾ ਹੈ ਇਨ੍ਹਾਂ ਸੰਗਤਾਂ ਦਾ ਇਕੱਠ ਹੁੰਦਾ ਹੈ। ਕਦੀ ਆ ਕੇ ਵੇਖੋ ਤੇ ਖੁਦ ਪੁੱਛੋ ਉਨ੍ਹਾਂ ਨੂੰ ਜਿਹੜੇ ਚੁਪਹਿਰਾ ਸਾਹਿਬ ਕੱਟ ਰਹੇ ਹਨ, ਜਦੋਂ ਪੁੱਛੋਗੇ ਤੇ ਤੁਹਾਨੂੰ ਪ੍ਰਤੱਖ ਨਜ਼ਰ ਆਵੇਗਾ ਕਿ ਸਾਡਾ ਗੁਰੂ ਇੰਨਾ ਵੱਡਾ ਹੈ, ਸਿੱਖ ਦੀ ਝੋਲੀ ਭਰਨੀ ਇੱਕ ਪਾਸੇ ਰਹੀ, ਕਿਤੇ ਕਿਰਪਾ ਦੇ ਘਰ ਵਿੱਚ ਆ ਜਾਵੇ ਤੇ ਸਿੱਖ ਨੂੰ ਹਜ਼ਾਰਾਂ ਲੱਖਾਂ ਦੀਆਂ ਝੋਲੀਆਂ ਭਰਨ ਵਾਲਾ ਬਣਾ ਦਿੰਦਾ ਹੈ।

ਕੁਝ ਸਾਲ ਪਹਿਲਾਂ ਅੰਮ੍ਰਿਤਸਰ ਵਿਖੇ ਐਤਵਾਰ ਨੂੰ ਦਾਸ ਘੱਟ ਹੀ ਹੁੰਦਾ ਸੀ। ਐਤਵਾਰ ਤਕਰੀਬਨ ਬਾਹਰ ਹੋਈਦਾ ਸੀ। ਕਿਤੇ ਸਾਲ ਵਿੱਚ ਇੱਕ ਦੋ ਐਤਵਾਰ ਆ ਜਾਂਦੇ ਸੀ ਜਦੋਂ ਅੰਮ੍ਰਿਤਸਰ ਹੋਈਦਾ ਸੀ। ਇੱਕ ਐਤਵਾਰ ਆ ਗਿਆ, ਸ੍ਰੀ ਅੰਮ੍ਰਿਤਸਰ ਸਾਹਿਬ ਤੇ ਦਾਸ ਨੇ ਸੋਚਿਆ ਕਿ ਬਾਬਾ ਜੀ ਦੇ ਦਰ ਤੇ ਦਰਸ਼ਨ ਕਰਨ ਜਾਈਏ। ਅੰਮ੍ਰਿਤਸਰ ਵਿਖੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਬਿਲਕੁਲ ਪਿੱਛੇ ਦਾਸ ਦਾ ਘਰ ਹੈ।

ਐਤਵਾਰ ਦਾ ਦਿਨ ਸੀ ਤੇ ਦਾਸ ਨੇ ਸੋਚਿਆ

ਕਿ ਸੰਗਤ ਚੁਪਹਿਰਾ ਸਾਹਿਬ ਕੱਟਦੀ ਹੈ, ਦਰਸ਼ਨ ਕਰ ਆਈਏ। ਦਾਸ ਪੈਦਲ ਹੀ ਨਿਕਲ ਗਿਆ। ਕੜਾਹ ਪ੍ਰਸ਼ਾਦਿ ਦੀ ਲਾਈਨ ਵਿੱਚ ਦਾਸ ਲੱਗਾ, ਦੇਗ ਲੈਣ ਵਾਸਤੇ। ਦਾਸ ਨੇ ਦੇਗ ਲਈ ਤੇ ਸੱਚਾਈ ਆਪ ਜੀ ਅੱਗੇ ਰੱਖ ਰਿਹਾ ਹਾਂ ਤੇ ਵਾਪਸ ਆ ਰਿਹਾ ਹਾਂ, ਦਰਸ਼ਨ ਕਰਨ ਵਾਸਤੇ ਅੰਦਰ ਜਾਣ ਲਈ ਤੇ ਇੱਕ ਭੈਣ ਜੀ, ਉਨ੍ਹਾਂ ਨੇ ਫਤਹਿ ਬੁਲਾਈ। ਕਹਿਣ ਲੱਗੀ, ਟੀ.ਵੀ. ਤੇ ਤੁਹਾਨੂੰ ਵੇਖੀਦਾ ਹੈ। ਦਾਸ ਨੇ ਹੱਥ ਜੋੜ ਦਿੱਤੇ, ਪਿਤਾ ਜੀ ਦੀ ਵਡਿਆਈ। ਦਾਸ ਨੇ ਪੁੱਛਿਆ, ਕਿੱਥੋਂ ਆਏ, ਤੁਸੀਂ? ਕਹਿਣ ਲੱਗੀ, ਮੈਂ ਬੰਬਈ ਤੋਂ ਆਈ ਹਾਂ, ਚੁਪਹਿਰਾ ਕੱਟਣ। ਅੱਜ ਮੇਰਾ ਛੇਵਾਂ ਚੁਪਹਿਰਾ ਹੈ, ਸ਼ੁਕਰਾਨੇ ਦਾ। ਯਕੀਨ ਜਾਣਨਾ, ਦਾਸ ਦੀ ਭਾਵਨਾ ਛੋਟੀ ਤੇ ਉਸ ਦੀ ਵੱਡੀ। ਦਾਸ ਦੇ ਮੂੰਹ ਵਿੱਚੋਂ ਨਿਕਲ ਗਿਆ, ਬੰਬਈ ਤੋਂ ਚੁਪਹਿਰਾ ਕੱਟਣ ਆਏ ਹੋ। ਦਾਸ ਦੇ ਮੂੰਹ ਵਿੱਚੋਂ ਨਿਕਲ ਗਿਆ, ਕੀ ਬੰਬਈ ਰੱਬ ਨਹੀਂ ਹੈ? ਕੀ ਬੰਬਈ ਪਰਮੇਸ਼ਰ ਨਹੀਂ ਹੈ? ਉਸ ਦੀ ਭਾਵਨਾ ਦਾਸ ਤੋਂ ਵੱਡੀ। ਕਹਿਣ ਲੱਗੀ, ਰੱਬ ਬੰਬਈ ਵੀ ਹੈ ਪਰ ਮੇਰੀ ਹਕੀਕਤ ਸੁਣ ਲਓ, ਜਿਨ੍ਹਾਂ ਨੂੰ ਗੁਰੂ ਕਲਗੀਧਰ ਪਿਤਾ ਜੀ ਨੇ ਚਾਬੀਆਂ ਦਿੱਤੀਆਂ ਹਨ। ਧੰਨ ਧੰਨ ਬਾਬਾ ਦੀਪ ਸਿੰਘ ਜੀ ਇੱਕ ਸਿੱਖ ਇੱਥੇ ਪਹੁੰਚ ਗਿਆ ਹੈ ਕਿ ਉਨ੍ਹਾਂ ਨੂੰ ਗੁਰੂ ਸਾਹਿਬ ਨੇ ਚਾਬੀਆਂ ਹੀ ਦੇ ਦਿੱਤੀਆਂ ਹਨ। ਕਿਉਂ? ਇਹ ਨਾਨਕ ਪ੍ਰੇਮ ਹੈ। ਆਪਣੀ ਭਾਵਨਾ ਇੱਥੇ ਤੱਕ ਨਾ ਰੱਖੋ ਕਿ, ਤੁਹਾਡੀ ਝੋਲੀ ਭਰਨਗੇ। ਲੱਗੇ ਰਹੇ ਹੋ, ਉਹ ਮੌਜ ਵਿੱਚ ਆ ਗਏ ਤੇ ਉਹ ਤੁਹਾਨੂੰ ਝੋਲੀਆਂ ਭਰਨ ਵਾਲਾ ਬਣਾ ਸਕਦਾ ਹੈ। ਦਾਸ ਨੇ ਕਿਹਾ, ਕੀ ਬੰਬਈ ਰੱਬ ਨਹੀਂ ਹੈ? ਬੰਬਈ ਤੋਂ ਚੁਪਹਿਰਾ ਕੱਟਣ ਆਏ ਹੋ। ਕਹਿਣ ਲੱਗੀ, ਰੱਬ ਬੰਬਈ ਵੀ ਹੈ ਪਰ ਮੇਰੀ ਬੇਨਤੀ ਸੁਣ ਲਓ। ਮੇਰੀ ਹਕੀਕਤ ਸੁਣ ਲਓ। ਇਹ ਦਾਸ ਉਦੋਂ ਦੀ ਗੱਲ ਕਰ ਰਿਹਾ ਹੈ, ਅੱਜ ਤੁਸੀਂ ਬਾਬਾ ਦੀਪ ਸਿੰਘ ਜੀ ਦੇ ਦਰ ਤੇ ਜਾਓ ਤੇ ਨਵਾਂ ਸੁੱਖ ਆਸਣ ਅਸਥਾਨ ਬਣ ਗਿਆ ਹੈ। ਉੱਪਰ ਪੌੜੀ ਚੜ੍ਹ ਕੇ। ਉਦੋਂ ਸੁੱਖ ਆਸਣ ਸਾਹਿਬ ਸਾਈਡ ਤੇ ਹੁੰਦਾ ਸੀ, ਸੱਜੇ ਹੱਥ, ਬਾਹਰ ਪਰਕਰਮਾ ਵਿੱਚ। ਹੁਣ ਅੰਦਰ ਹੈ। ਇਹ ਉਦੋਂ ਦੀ ਗੱਲ ਹੈ ਜਿਹੜੀ ਆਪ ਜੀ ਨੂੰ ਦੱਸ ਰਿਹਾ ਹਾਂ।

ਬੀਬੀ ਨੇ ਕਿਹਾ, ਮੇਰੀ ਗੀੜ੍ਹ ਦੀ ਹੱਡੀ ਦਾ ਮਣਕਾ ਖਿਸਕ ਗਿਆ। ਬੰਬਈ ਦੇ ਡਾਕਟਰਾਂ ਨੇ ਕਹਿ ਦਿੱਤਾ, ਇਸ ਦਾ ਅਪਰੇਸ਼ਨ ਹੋਣਾ ਹੈ। ਤੁਸੀਂ ਸਾਰੀ ਸੰਗਤ ਜਾਣਦੇ ਹੋ, ਦੋ ਅਪਰੇਸ਼ਨ ਰੱਬ ਕਿਸੇ ਦੇ ਨਾ ਕਰਵਾਵੇ। ਇੱਕ ਗੀੜ੍ਹ ਦੀ ਹੱਡੀ ਤੇ ਦੂਜਾ ਦਿਮਾਗ ਦਾ ਅਪਰੇਸ਼ਨ ਬੜਾ ਹੀ ਔਖਾ ਕਾਮਯਾਬ ਹੁੰਦਾ ਹੈ। ਇਹ ਦੋਵੇਂ ਬਹੁਤ ਔਖੇ ਹੁੰਦੇ ਹਨ। ਕਹਿਣ ਲੱਗੀ, ਡਾਕਟਰਾਂ ਨੇ ਕਿਹਾ ਹੈ, ਗੀੜ੍ਹ ਦੀ ਹੱਡੀ ਦਾ ਮਣਕਾ ਖਿਸਕ ਗਿਆ ਹੈ। ਹੌਲੀ-ਹੌਲੀ ਤੁਹਾਡੀਆਂ ਲੱਤਾ ਵੀ ਰਹਿ ਜਾਣੀਆਂ ਹਨ, ਬਾਹਵਾਂ ਵੀ ਰਹਿ ਜਾਣੀਆਂ ਹਨ, ਇੱਥੋਂ ਤੱਕ ਕਿ ਤੁਹਾਡਾ ਸਰੀਰ ਵੀ ਕੰਮ ਕਰਨਾ ਛੱਡ ਦੇਵੇਗਾ ਜਿਸ ਦਾ ਗੀੜ੍ਹ ਦੀ ਹੱਡੀ ਦਾ ਤਾਅਲੁੱਕ ਹੈ, ਮਣਕਾ ਖਿਸਕ ਗਿਆ ਹੈ। ਡਾਕਟਰ ਕਹਿਣ ਲੱਗੇ, ਅਪਰੇਸ਼ਨ ਕਰਵਾਉਣਾ ਪੈਣਾ ਹੈ। ਕਹਿਣ ਲੱਗੀ, ਮੈਨੂੰ ਇੱਕ ਰੰਗੀ ਹੋਈ ਭੈਣ ਨੇ ਕਹਿ ਦਿੱਤਾ, ਮਹੀਨਾ ਉਡੀਕ ਲੈ। ਬਾਬਾ ਦੀਪ ਸਿੰਘ ਜੀ ਦਾ ਦਰ ਜਿਨ੍ਹਾਂ ਨੇ ਗੁਰੂ ਕਲਗੀਧਰ ਪਿਤਾ ਜੀ ਦੀਆਂ ਖੁਸ਼ੀਆਂ ਲਈਆਂ ਹਨ, ਉਨ੍ਹਾਂ ਕੋਲ ਚਾਬੀਆਂ ਹਨ। ਪੰਜ ਚੁਪਹਿਰਿਆਂ ਦੀ ਹਾਜ਼ਰੀ ਲਗਾ ਲੈ, ਬੰਬਈ ਤੋਂ, ਕੋਈ ਪਤਾ ਨਹੀਂ, ਬਾਬਾ ਜੀ ਪ੍ਰਸੰਨ ਹੋ ਜਾਣ। ਬਾਬਾ ਦੀਪ ਸਿੰਘ ਜੀ ਕਿਰਪਾ ਕਰ ਦੇਣ।

*—ਬਾਕੀ ਹਿੱਸਾ ਪੰਨਾ 32 'ਤੇ ਪੜ੍ਹੋ ਜੀ*

# ਸੁਆਲਨਾਮਾ
# ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ

—ਜਸਵਿੰਦਰ ਸਿੰਘ ਪਟਿਆਲਾ

1. ਪ੍ਰ: ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਆਗਮਨ ਕਦੋਂ ਤੇ ਕਿੱਥੇ ਹੋਇਆ?

   **ਉ: 1682 ਈਸਵੀਂ ਵਿੱਚ ਪਹੂਵਿੰਡ ਸਾਹਿਬ**

2. ਪ੍ਰ: ਬਾਬਾ ਦੀਪ ਸਿੰਘ ਜੀ ਦੇ ਮਾਤਾ ਜੀ ਤੇ ਪਿਤਾ ਜੀ ਦਾ ਕੀ ਨਾਂ ਸੀ?

   **ਉ: ਮਾਤਾ ਜਿਊਣੀ ਜੀ ਤੇ ਪਿਤਾ ਭਾਈ ਭਗਤੂ ਜੀ**

3. ਪ੍ਰ: ਬਾਬਾ ਦੀਪ ਸਿੰਘ ਜੀ ਕਿੰਨੇ ਸਾਲ ਦੀ ਉਮਰ ਵਿੱਚ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਆਏ?

   **ਉ: ਤਕਰੀਬਨ 17-18 ਸਾਲ ਦੀ ਉਮਰ ਵਿੱਚ**

4. ਪ੍ਰ: ਬਾਬਾ ਦੀਪ ਸਿੰਘ ਜੀ ਨੇ ਕਿਹੜੇ ਅਸਥਾਨ ਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ?

   **ਉ: ਸ੍ਰੀ ਅਨੰਦਪੁਰ ਸਾਹਿਬ**

5. ਪ੍ਰ: ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਵਾਉਣ ਸਮੇਂ ਬਾਬਾ ਦੀਪ ਸਿੰਘ ਜੀ ਤੋਂ ਕਿਹੜੀ ਸੇਵਾ ਲਈ?

   **ਉ: ਕਲਮਾਂ ਨੂੰ ਘੜਨਾ ਤੇ ਸਿਆਹੀ ਆਦਿ ਦੇ ਇੰਤਜ਼ਾਮ ਦੀ ਤਿਆਰੀ ਰੱਖਣ ਦੀ ਸੇਵਾ**

6. ਪ੍ਰ: ਸਢੌਰਾ ਤੇ ਸਰਹਿੰਦ ਨੂੰ ਫਤਹਿ ਕਰਨ ਸਮੇਂ ਬਾਬਾ ਦੀਪ ਸਿੰਘ ਜੀ ਨੇ ਕਿਨ੍ਹਾਂ ਦੀ ਸਹਾਇਤਾ ਕੀਤੀ?

   **ਉ: ਬਾਬਾ ਬੰਦਾ ਸਿੰਘ ਜੀ ਬਹਾਦਰ ਦੀ**

7. ਪ੍ਰ: ਬਾਬਾ ਦੀਪ ਸਿੰਘ ਜੀ ਨੂੰ ਜਿੰਦਾ ਸ਼ਹੀਦ ਦਾ ਖਿਤਾਬ ਕਿੰਨਾਂ ਨੇ ਦਿੱਤਾ?

   **ਉ: ਬਾਬਾ ਬੰਦਾ ਸਿੰਘ ਜੀ ਬਹਾਦਰ ਨੇ**

8. ਪ੍ਰ: ਬਾਬਾ ਦੀਪ ਸਿੰਘ ਜੀ ਨੂੰ ਕਿਹੜੀ ਮਿਸਲ ਦਾ ਮੁਖੀ ਬਣਾਇਆ ਗਿਆ?

   **ਉ: ਸ਼ਹੀਦੀ ਮਿਸਲ**

9. ਪ੍ਰ: ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਦੀ ਖਬਰ ਸੁਣ ਕੇ ਬਾਬਾ ਦੀਪ ਸਿੰਘ ਜੀ ਨੇ ਕੀ ਫੈਸਲਾ ਕੀਤਾ?

   **ਉ: ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਨੂੰ ਰੋਕਣ ਵਾਸਤੇ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਕੂਚ ਕਰਨ ਦਾ ਹੁਕਮ ਦਿੱਤਾ।**

10. ਪ੍ਰ: ਸ੍ਰੀ ਤਰਨ ਤਾਰਨ ਸਾਹਿਬ ਪਹੁੰਚ ਕੇ ਬਾਬਾ ਦੀਪ ਸਿੰਘ ਜੀ ਨੇ ਕੀ ਪ੍ਰਣ ਕੀਤਾ?

    **ਉ: ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਨੂੰ ਰੋਕਣ ਤੋਂ ਬਾਅਦ ਹੀ ਆਪਣਾ ਸੀਸ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਚਰਨਾਂ ਵਿੱਚ ਭੇਟ ਕਰਨ ਦਾ ਪ੍ਰਣ ਕੀਤਾ।**

11. ਪ੍ਰ: ਸ੍ਰੀ ਤਰਨ ਤਾਰਨ ਸਾਹਿਬ ਤੋਂ ਬਾਹਰ ਨਿਕਲਦਿਆਂ ਬਾਬਾ ਜੀ ਨੇ ਲਕੀਰ ਕਿਉਂ ਖਿੱਚ ਦਿੱਤੀ?

    **ਉ: ਲਕੀਰ ਖਿੱਚ ਕੇ ਬਾਬਾ ਜੀ ਨੇ ਕਿਹਾ ਜਿਹੜਾ ਆਪਣਾ ਸੀਸ ਗੁਰੂ ਦੇ ਚਰਨਾਂ ਲਈ ਵਾਰਨਾ ਚਾਹੁੰਦਾ ਹੈ, ਉਹ ਹੀ ਲਕੀਰ ਟੱਪੇ।**

12. ਪ੍ਰ: ਜਿਸ ਜਗ੍ਹਾ 'ਤੇ ਬਾਬਾ ਦੀਪ ਸਿੰਘ ਜੀ ਨੇ

ਜਹਾਨ ਖਾਨ ਦੀਆਂ ਫੌਜਾਂ ਨੂੰ ਲਲਕਾਰਿਆ ਤੇ ਮੁਕਾਬਲਾ ਹੋਇਆ, ਉਸ ਜਗ੍ਹਾ ਦਾ ਕੀ ਨਾਂ ਹੈ?

**ਉ: ਪਿੰਡ ਗੋਹਲਵੜ ਵਿਖੇ ਗੁ: ਲਲਕਾਰ ਸਾਹਿਬ**

13. ਪ੍ਰ: ਜਿਸ ਜਗ੍ਹਾ 'ਤੇ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਨਾਲੋਂ ਜੁਦਾ ਹੋਇਆ, ਉਸ ਜਗ੍ਹਾ 'ਤੇ ਕਿਹੜਾ ਗੁਰਧਾਮ ਸੁਸ਼ੋਭਿਤ ਹੈ?

**ਉ: ਗੁਰਦੁਆਰਾ ਟਾਹਲਾ ਸਾਹਿਬ।**

14. ਪ੍ਰ: ਜਦੋਂ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਨਾਲੋਂ ਜੁਦਾ ਹੋਇਆ ਤਾਂ ਫਿਰ ਕੀ ਕੌਤਕ ਵਰਤਿਆ?

**ਉ: ਆਪਣਾ ਪ੍ਰਣ ਪੂਰਾ ਕਰਨ ਲਈ ਬਾਬਾ ਦੀਪ ਸਿੰਘ ਜੀ ਨੇ ਖੱਬੇ ਹੱਥ ਨਾਲ ਆਪਣਾ ਸੀਸ ਚੁੱਕਿਆ ਤੇ ਸੱਜੇ ਹੱਥ ਨਾਲ ਖੰਡਾ ਖੜਕਾਉਂਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਵੱਲ ਚਾਲੇ ਪਾ ਦਿੱਤੇ।**

15. ਪ੍ਰ: ਜਿਸ ਜਗ੍ਹਾ 'ਤੇ ਬਾਬਾ ਦੀਪ ਸਿੰਘ ਜੀ ਦੇ ਪਾਵਨ ਸਰੀਰ ਦਾ ਸਸਕਾਰ ਹੋਇਆ, ਉਹ ਅਸਥਾਨ ਕਿਸ ਨਾਂ ਨਾਲ ਸੁਭਾਇਮਾਨ ਹੈ?

**ਉ: ਗੁ: ਸ਼ਹੀਦ ਗੰਜ ਸਾਹਿਬ, ਸ੍ਰੀ ਅੰਮ੍ਰਿਤਸਰ।**

---

*ਪੰਨਾ 30 ਦਾ ਬਾਕੀ ਹਿੱਸਾ—*

ਉਸ ਬੀਬੀ ਨੇ ਦੱਸਿਆ, ਕਹਿਣ ਲੱਗੀ, ਮੈਂ ਪੰਜ ਚੁਪਹਿਰੇ ਬੰਬਈ ਤੋਂ ਆ ਕੇ ਹਾਜ਼ਰੀ ਲਗਾਈ ਹੈ, ਬਾਬਾ ਦੀਪ ਸਿੰਘ ਜੀ ਦੇ ਦਰ ਤੇ। ਦਾਸ ਤਾਂ ਗੱਲ ਸੁਣਾ ਰਿਹਾ ਹੈ, ਅੱਜ ਸੁੱਖ ਆਸਣ ਸਾਹਮਣੇ ਬਣ ਗਿਆ ਹੈ, ਇਹ ਉਦੋਂ ਦੀ ਗੱਲ ਹੈ, ਜਦੋਂ ਸੁੱਖ ਆਸਣ ਸਾਹਿਬ ਸਾਈਡ ਤੇ ਹੁੰਦਾ ਸੀ। ਆਸੇ ਪਾਸੇ ਛੋਟੇ ਛੋਟੇ ਕਮਰਿਆਂ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਚਲਦੇ ਹੁੰਦੇ ਸੀ ਤੇ ਵਿਚਕਾਰ ਪੌੜੀਆਂ ਸਨ ਸੁੱਖ ਆਸਣ ਅਸਥਾਨ ਦੀਆਂ। ਉਹ ਬੀਬੀ ਨੇ ਚਾਰ ਫੁੱਟ ਦੀ ਪੌੜੀ ਸੀ, ਚਾਰ ਫੁੱਟ ਵਿੱਚੋਂ ਇੱਕ ਫੁੱਟ ਜਗ੍ਹਾ ਤੇ ਬੈਠ ਕੇ ਚੁਪਹਿਰਾ ਕੱਟਣਾ ਕਿਉਂਕਿ ਗੋਡੇ ਦੀ ਹੱਡੀ ਦੀ ਪਰਾਬਲਮ ਸੀ ਤੇ ਭੁੰਜੇ ਬੈਠ ਨਹੀਂ ਸਕਦੀ ਸੀ। ਗੋਡੇ ਦੀ ਹੱਡੀ ਕਰਕੇ ਤੇ ਕੁਰਸੀ ਉੱਥੇ ਰੱਖੀ ਨਹੀਂ ਜਾ ਸਕਦੀ। ਉਸ ਨੇ ਪੌੜੀ ਤੇ ਬੈਠ ਕੇ ਪੈਰ ਥੱਲੇ ਕਰ ਲੈਣੇ। ਇਤਿਹਾਸਿਕ ਅਸਥਾਨ ਹੈ, ਇਸ ਤਰ੍ਹਾਂ ਉਸ ਨੇ ਚੁਪਹਿਰੇ ਹਾਜ਼ਰੀ ਭਰੀ। ਕਹਿਣ ਲੱਗੀ, ਵੀਰ ਜੀ, ਹੁਣ ਇਹ ਗੱਲ ਪ੍ਰੇਮ ਦੀ ਹੈ, ਕਿਸੇ ਕੋਲ ਸੁਣੀ ਜਾਵੇ ਜਾਂ ਨਹੀਂ। ਉਸ ਨੇ ਥੋੜ੍ਹਾ ਜੋਤ ਦਾ ਘਿਓ ਵੀ ਲਗਾਉਣਾ। ਜਿਸ ਨੇ ਰਾਹ ਦਿੱਤਾ, ਉਸ ਨੇ ਕਿਹਾ, ਦੋ ਪਾਠ ਸੁਖਮਨੀ ਸਾਹਿਬ ਰੋਜ਼ ਕਰਨੇ ਹਨ, ਜੋਤ ਦਾ ਘਿਓ ਰੱਖ ਲਿਆ ਕਰ ਤੇ ਭਾਵਨਾ ਨਾਲ ਉੱਥੇ ਲਗਾ ਲਿਆ ਕਰ। ਹਫਤੇ ਬਾਅਦ ਜਦੋਂ ਚੁਪਹਿਰਾ ਕੱਟਣਾ, ਫਿਰ ਦੇਗ ਲੈ ਕੇ ਅਰਦਾਸ ਕਰਨੀ ਬਾਬਾ ਜੀ ਕਿਰਪਾ ਕਰ ਦਿਓ, ਅਪਰੇਸ਼ਨ ਤੋਂ ਬਚਾਅ ਲੈਣਾ। ਉਸ ਬੀਬੀ ਨੇ ਰੋ ਕੇ ਆਖਿਆ ਕਿ ਪੰਜਵਾਂ ਚੁਪਹਿਰਾ ਸੀ, ਉਸ ਤੋਂ ਬਾਅਦ ਡਾਕਟਰਾਂ ਕੋਲੋਂ ਟੈਸਟ ਕਰਵਾਇਆ ਤੇ ਉਹ ਹੀ ਡਾਕਟਰ ਬੰਬਈ ਦੇ ਹੈਰਾਨ ਹਨ, ਐਕਸ-ਰੇ ਵੇਖ ਕੇ, ਐਮ.ਆਈ.ਆਰ. ਵੇਖ ਕੇ ਹੈਰਾਨ ਹਨ, ਉਨ੍ਹਾਂ ਦੇ ਮੂੰਹ ਵਿੱਚੋਂ ਕੀ ਨਿਕਲਦਾ ਹੈ, ਕੀ ਕੀਤਾ ਹੈ, ਤੁਹਾਨੂੰ ਅਪਰੇਸ਼ਨ ਦੀ ਲੋੜ ਹੀ ਨਹੀਂ ਤੇ ਕਹਿਣ ਲੱਗੀ, ਛੇਵਾਂ ਚੁਪਹਿਰਾ ਹੁਣ ਸ਼ੁਕਰਾਨੇ ਦਾ ਕੱਟਣ ਆਈ ਹਾਂ। ਇਹ ਬਾਬਾ ਦੀਪ ਸਿੰਘ ਦੇ ਦਰ ਦੀਆਂ ਵਡਿਆਈਆਂ ਹਨ। ਜੇ ਬਾਬਾ ਜੀ ਪ੍ਰਸੰਨ ਹੋ ਜਾਣ ਤੇ ਡਾਕਟਰ ਵੀ ਹੈਰਾਨ ਰਹਿ ਜਾਂਦੇ ਹਨ। ਪਿਆਰ ਨਾਲ ਸਾਰੇ ਆਖੋ :

***ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ।***
***ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ।***

# शिरोमणि शहीद धन्य बाबा दीप सिंघ जी के धन्य श्री गुरु गोबिंद सिंघ जी से प्यार भरे सवाल-जवाब

## सेवा करनी कितनी जरुरी है?

–जसविन्द्र सिंघ (पटियाला)

*बसंतु हिंडोल महला ४ घरु २*
*१ੴ सतिगुर प्रसादि ॥*
*राम नामु रतन कोठड़ी गड़ मंदरि एक लुकानी ॥*
*सतिगुरु मिलै त खोजीऐ*
*मिलि जोती जोति समानी ॥१॥*
*माधो साधू जन देहु मिलाइ ॥*
*देखत दरसु पाप सभि नासहि*
*पवित्र परम पदु पाइ ॥१॥ रहाउ ॥*
*पंच चोर मिलि लागे नगरीआ*
*राम नाम धनु हिरिआ ॥*
*गुरमति खोज परे तब पकरे*
*धनु साबतु रासि उबरिआ ॥२॥*
*पाखंड भरम उपाव करि थाके*
*रिद अंतरि माइआ माइआ ॥*
*साधू पुरखु पुरखपति पाइआ*
*अगिआन अंधेरु गवाइआ ॥३॥*

**परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद**

*जगंनाथ जगदीस गुसाई*
*करि किरपा साधु मिलावै ॥*
*नानक साँति होवै मन अंतरि*
*नित हिरदै हरि गुण गावै ॥४॥१॥३॥*
*(अंग ११७८)*

सारी संगत धन्य धन्य बाबा दीप सिंघ जी के प्यार में कहो सतिनाम श्री वाहिगुरु जी।

जनवरी के महीने बाबा जी का आगमन दिवस आता है। गुरु साहिब की कृपा से जब मांगना है :

*माधो साधू जन देहु मिलाइ ॥*
*देखत दरसु पाप सभि नासहि*
*पवित्र परम पदु पाइ ॥१॥ रहाउ ॥*
*(अंग ११७८)*

इसका भाव है कि हे माधो, जिन्होंने मन को साधा है, उनके गुणों की मुझे भी संगत हो जाए। उनके गुणों से मैं भी अपना जीवन संवार लूं। मेरा मिलाप करवा दो। बाबा दीप सिंघ जी के प्रत्यक्ष दर्शन हो जाएँ और पता नहीं सहारे भी जाएँगे या नहीं, पर यह मांगना है :

*माधो साधू जन देहु मिलाइ ॥*

*देखत दरसु पाप सभि नासहि*
*पवित्र परम पदु पाइ ।।१।। रहाउ ।।*

*(अंग ११७८)*

बाबा दीप सिंघ जी के गुणों जैसे गुण पाँच पैसे, दस पैसे हम में भी आ जाएँ।

शिरोमणि कमेटी ने अरदास में ये लफ्ज दर्ज किए हुए हैं।

*सेई पिआरे मेल जिन्हां मिलिआं*
*तेरा नाम चित आवै।*

हे मेरे माधो, हे मेरे वाहिगुरु! मुझे उनका मेल करवाओ जिनको मैं मिलूं, पढ़ूं और मुझे तेरा नाम याद आए।

बाबा जी के गुण कहाँ से पता लगेंगे? बाबा जी का जीवन पढ़कर। जब गुरु कलगीधर पिता जी ने श्री आनंदपुर साहिब तख्त श्री केसगढ़ साहिब वाले स्थान खालसा की सृजना की, अमृत की दात प्रदान की, बाबा जी को पहुविंड साहिब बड़ा चाव पैदा हो गया कि मैंने भी अमृतपान करना है। उस समय युवावस्था थी। अब कछहरा पहनना है, कृपाण धारण करनी है और फिर माता–पिता जी के साथ आए, श्री आनंदपुर साहिब, अमृत की दात लेने के लिए। गुरु साहिब की कृपा से पहुविंड साहिब अजायब घर जो तैयार हो रहा है, उसमें यह दृश्य है कि बाबा जी अपने परिवार के साथ आते हैं। पुराने तांगे दिखाए गए हैं।

बाबा जी पहुविंड साहिब से आए, श्री आनंदपुर साहिब, यहाँ आकर अमृत की दात प्राप्त की। फिर आठ–दस दिन बीत गए। माता–पिता जी ने कहा– घर चलो। बाबा जी कहने लगे– मैंने नहीं जाना। गुरु कलगीधर पिता जी कहने लगे कि आपके माता जी ने कहा है कि घर वापिस चलो। बाबा जी चुप। मालिक को क्या जवाब दूं? बाबा जी के मन की अवस्था जानकर धन्य श्री गुरु गोबिंद सिंघ जी ने वचन किया माता–पिता जी को, इनका मन यहाँ रहकर सेवा करने का है। यह दीप है। इसने लाखों बुझे हुए दीऐ जगाने हैं। देखो, आज तक दीऐ जगा रहे हैं।

*ब्रहम गिआनी सद जीवै नही मरता ।।*

*(अंग २७३)*

***नामु रहिओ साधू रहिओ रहिओ गुरु गोबिंदु ।।***

*(अंग १४२६)*

माता–पिता जी वापिस घर चले गए। बाबा जी यहाँ ही रह पड़े। यहाँ रहकर शस्त्र विद्या सीखने लग गए, गुरबाणी की विद्या सीखने लग गए। अब आप जी के साथ गुरु साहिब दास से बाबा जी का वह समय सांझा करवाएं जिसकी आज के जीवन में अति आवश्यकता है।

एक दिन बाबा दीप सिंघ जी संगत के जूठे बर्तन साफ कर रहे थे। यह गुण लेना। बाबा जी बर्तन साफ कर रहे। बर्तन हाथ में हैं, साथ–साथ सिमरन, साथ–साथ बर्तन साफ कर रहे हैं। इतनी लिव लगा कर बर्तन साफ कर रहे हैं धन्य श्री गुरु गोबिंद सिंघ जी को दस मिनट हो गए पास खड़े, पर बाबा जी की लिव लगी हुई है बर्तन साफ करने में। सिंघ साथ होते थे, गुरु कलगीधर पिता जी के। ध्यान गया, गुरु साहिब पास खड़े हैं और बर्तन हाथ में हैं, हाथ भी लथपथ हैं राख के साथ और दण्डवत करके गुरु साहिब को कहते हैं, सतिगुरु जी मुझ से भूल हो गई। आप जी पास खड़े थे और मेरा ध्यान ही नहीं गया। बख्श लेना। धन्य श्री गुरु गोबिंद

सिंघ जी महाराज ने यह खेल हमें शिक्षा देने के लिए की है और महाराज जी कहने लगे– दीप सिंघ, बर्तन साफ कर रहे हो? बाबा जी ने विनती की, आपकी कृपा है। धन्य श्री गुरु गोबिंद सिंघ जी महाराज ने वचन किया, आज एक बात बताओ, आप में इतने गुण हैं, आप इतनी बाणी पढ़ते हो, शस्त्र विद्या भी सीख रहे हो, गुरबाणी की विद्या भी सीख रहे हो। फिर संगत के जूठे बर्तन क्यों साफ कर रहे हो? ध्यान देना।

*माधो साधू जन देहु मिलाइ॥*
*देखत दरसु पाप सभि नासहि*
*पवित्र परम पदु पाइ॥१॥ रहाउ॥*

*(अंग ११७८)*

यह अरदास किया करो कि मुझे उनका संग हो कि मैं उनका इतिहास पढ़कर कर्ता न बन जाऊं, सेवक बनूं। इसलिए अति आवश्यक साधन है, सत्संग जिससे हमारे अंदर शुभ गुण पैदा होते हैं?

द्वापर युग के अवतार श्री कृष्ण जी की गेंद खेलते–खेलते यमुना नदी में चली गई। जब यमुना में गए, अपनी गेंद लेने के लिए। यमुना में कालिया नाग रहता था। कृष्ण जी उससे कौतुक करने लग गए। कभी उसके शीर्ष को मरोड़ें तो कभी पूंछ को मरोड़ें। कालिया नाग सामने आकर कहने लगा– श्री कृष्ण जी! हे समय के अवतार। मेरी शीर्ष को मरोड़ना, मेरी पूंछ को मरोड़ना मुबारक है। आपके हाथ मुझे लग रहे हैं पर हे भगवान! मेरी विनती है, यदि आज यमुना में आए हो, मुझसे कौतुक कर रहे हो तो मुझ पर कृपा करो, मेरा ज़हर जैसा स्वभाव बदल दो। साध संगत जी, ध्यान देना। जब इतनी बात कही तो श्री कृष्ण जी, द्वापर युग के अवतार, सोलह कला संपूर्ण। उन्होंने उत्तर दिया– मैं तेरा स्वभाव नहीं बदल सकता। अब यदि स्वभाव बदलने की बात हो जाए तो कंस का बदल दूं और युद्ध में जाने की आवश्यकता ही नहीं। वह कहने लगे– मैं तेरा स्वभाव नहीं बदल सकता। कालिया नाग ने कहा– गेंद आपकी गिरी, भला मेरा हुआ और बस मेरे साथ कौतुक करके चले जाओगे। श्री कृष्ण जी ने कहा– मैं तेरा ज़हर जैसा स्वभाव नहीं बदल सकता पर एक ढंग है। वह तुझ पर कृपा कर सकता हूँ। वह कहने लगे– तेरे कर्म ऐसे बदल सकता हूँ, ऐसी विधि बना सकता हूँ कि तुझे सत्संग मेल सकता हूँ, जहाँ जाकर तेरा ज़हर जैसा स्वभाव तबदील हो सकता है। तुझे मैं सत्संग की विधि बता सकता हूँ। ज़हर जैसा स्वभाव सत्संग बदल सकता है। यह बड़ी सूक्ष्म बात है, गुरु प्यारो! संगत मत छोड़ना। जितने काम जरुरी हों, टाल देना पर संगत मत छोड़ना। जिन्होंने कमाई की होती है, नम्रता की, सेवक बनने की, दया की, यह अरदास करो कि उनका इतिहास पढ़ने का, सुनने का समय मिले। उससे हमारा ज़हर जैसा विकारी स्वभाव बदल सकता है। क्योंकि इन बख़्शों के जीवन में से काफी कुछ मिलता है। अब आप भी अंदर से मांगो कि गरीब निवाज! हम पर भी कृपा करो।

*माधो साधू जन देहु मिलाइ॥*
*देखत दरसु पाप सभि नासहि*
*पवित्र परम पदु पाइ॥१॥ रहाउ॥*

*(अंग ११७८)*

यह बड़ी बारीक बात है। धन्य श्री गुरु गोबिंद सिंघ जी महाराज, बाबा जी को पूछते हैं, आप में इतने गुण हैं पर बर्तन क्यों साफ कर

रहे हो? बाबा जी ने कहा– सतिगुरु जी, मैं बर्तन इसलिए साफ कर रहा हूँ तांकि सेवक बनकर मेरी ज़िंदगी व्यतीत हो जाए। मैं कहीं कर्ता न बन जाऊँ। इस प्वाइंट को पकड़ना है, क्योंकि कई स्त्रियां बच्चों को हरमोनीयम की सिखलाई देती हैं। कई चौपई साहिब के पाठ बांटती हैं और मन में आ जाता है कि यदि मैं न होती तो इतने पाठ नहीं थे बांटे जाने। फिर तो कर्ता बन गए। मैं न होती तो इतने बच्चों ने कीर्तन नहीं था सीखना। फिर तो कर्ता बन गए। यह बाबा दीप सिंघ जी से गुण लो। शुक्रिया किया करो, हे बाबा जी, धन्य श्री गुरु गोबिंद सिंघ जी महाराज, शुक्र है, आप जी ने इतने बच्चों को कीर्तन सिखाने की सेवा ले ली। हे सच्चे पातशाह जी! आप जी का शुक्र है, इतने खुले पाठ बांटने की सेवा आप जी ने मुझ गरीब से ले ली है। प्यारो कमाई संभालना सीखना है और यह बख्शों से ही सीखी जाएगी। हमने नानक भक्ति करनी है, रावण भक्ति नहीं करनी।

बाबा नंद सिंघ जी एक बार स्नान कर रहे थे। एक सज्जन पास खड़ा था। उस के मन में ख्याल आया। मुँह से नहीं बोला। सोचने लगा कि बाबा जी का रंग थोड़ा सांवला है। बाबा जी का रंग सांवला था। ख्याल ही आया है। बाबा जी का रंग गोरा नहीं, सांवला है और बाबा जी ने कहा– क्या सोच रहे हो? मेरा रंग सांवला है और कहने लगे कि पता है कि यह क्यों सांवला है? पाप करके सांवला हो गया है। देखो, सवा बारह का स्नान। एक श्वास व्यर्थ नहीं जाता, पर मन कहाँ रखूं सेवक बनूं। अब हमें कोई कह दे कि तू सांवली है या सांवला है और आगे से जितनी देर तक उसको दस बातें न सुना लें तब तक हमारी तसल्ली नहीं होती। महापुरुषों का जवाब देखो, बाबा जी ने कहा, पापों के कारण सांवला हो गया हूँ, मैं क्या करुँ। धारणा पढ़ाते थे :

***काली हो गई नाम तो बिना।***

दास विनती कर रहा है, यह सूझ आपको बख्शों से मिलेगी। अमृतसर में बाबा ईशर सिंघ जी नहर पर दीवान लगाते थे और पचास–पचास हजार का जनसमूह होता था। ध्यान देना। अब पचास हजार व्यक्ति नहर पर कीर्तन सुन रहा हो तो वैसे ही व्यक्ति के पैर ज़मीन पर नहीं लगते। मन में अहंकार पैदा हो जाता है। पचास हजार के जनसमूह में बाबा ईशर सिंघ जी ने डट कर कहना– संगत जी, न मैं गुणी हूँ, न ढाडी हूँ, न रागी हूँ, न प्रचारक हूँ। मैं तो बाबा नंद सिंघ जी के दर पर झाड़ू देने वाला सेवादार हूँ। पढ़ो जी प्यार से :

***हउमै गरबु निवारीऐ गुरमुखि रिदै गरीबी आवै।***

*(वार २६, पउड़ी १३)*

सतिगुरु जी दया करके कई वीरों या स्त्रियों से अलग–अलग सेवा लेते हैं और ध्यान रखना, सेवा करके कहीं कर्तापन न आ जाए। देखो, बाबा जी, कितनी ऊँची पदवी पर पहुँच कर भी संगत के जूठे बर्तन साफ कर रहे हैं। सतिगुरु जी, हमें या उस समय के अन्य सिक्खों को प्रेरणा देने के लिए बाबा दीप सिंघ जी को पूछते हैं– दीप सिंघ बताओ, बर्तन क्यों साफ कर रहे हो? बाबा जी कहने लगे– सतिगुरु जी, मन भटक सकता है और मैं इसलिए बर्तन साफ कर रहा हूँ कि मेरी सेवक बनकर बीत जाए, कहीं कर्तापन न आ जाए।

पचास–पचास हजार का जनसमूह नहर

पर, बाबा ईशर सिंघ जी कहने लगे– मैं तो झाड़ू देने वाला हूँ और फिर कहना– मैं पढ़ा–लिखा नहीं। पचास–पचास हजार के जनसमूह में कहना– मैं तो तीन क्लासें पढ़ा हूँ। बाबा ईशर सिंघ जी का वचन, मैं तो तीन क्लासें पढ़ा हूँ और बाबा नंद सिंघ जी ने तीन क्लासें पढ़ाई हैं :

***भ– भूल गया जी, भ– भला जी और भ– भाणा जी।***

